# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸ਼ੁੱਕਰਵਾਰ, ਮਿਤੀ 11 ਮਾਰਚ, 2011 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।

ਹਾਜ਼ਰ:-

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ
2. ਡਾ. ਅਮਰਜੀਤ ਸਿੰਘ ਸਿੱਧੂ
3. ਡਾ. ਆਦਰਸ਼ ਪਾਲ
4. ਡਾ. ਅਨੁਰਾਗ ਸ਼ਰਮਾ
5. ਮਿਸਿਜ਼ ਅਰਵਿੰਦਰ ਕੌਰ
6. ਮਿਸ ਅਨੂ
7. ਡਾ. ਬਰਕਤ ਅਲੀ
8. ਡਾ. ਦਿਨੇਸ਼ ਸ਼ਰਮਾ
9. ਸ. ਹਰਚਰਨ ਸਿੰਘ
10. ਡਾ. ਜੇ.ਐਸ. ਬੱਲ
11. ਡਾ. ਜਸਪਾਲ ਸਿੰਘ
12. ਸ. ਜਗਦੀਸ਼ ਸਿੰਘ
13. ਸ਼੍ਰੀਮਤੀ ਕਰਮਜੀਤ ਚੌਧਰੀ
14. ਸ. ਕੇ.ਐਸ.ਰੇਖੀ, ਐਡਵੋਕੇਟ
15. ਪ੍ਰੋ. ਖੇਮ ਸਿੰਘ ਗਿੱਲ
16. ਬਰਗੇਡੀਅਰ ਕੁਲਦੀਪ ਸਿੰਘ ਕਾਹਲੋਂ
17. ਪ੍ਰੋ. ਮਨਜੀਤ ਸਿੰਘ, ਜਲੰਧਰ
18. ਸ. ਨਾਨਕ ਸਿੰਘ
19. ਡਾ. ਪਰਮਿੰਦਰ ਸਿੰਘ
20. ਡਾ. ਪਰਮਜੀਤ ਸਿੰਘ ਸਿੱਧੂ
21. ਡਾ. ਰਜਿੰਦਰਜੀਤ ਕੌਰ
22. ਡਾ. ਰਾਧਾ ਸ਼ਰਮਾ
23. ਡਾ. ਰਾਕੇਸ਼ ਮਹਾਜਨ
24. ਡਾ. ਰੂਪਾ ਸੈਣੀ
25. ਸ. ਰਜਿੰਦਰ ਮੋਹਨ ਸਿੰਘ ਛੀਨਾ

26. ਸ. ਰਣਜੋਧ ਸਿੰਘ
27. ਸ੍ਰੀ ਰਾਜ ਕੁਮਾਰ ਅਤੀਕਾਏ
28. ਪ੍ਰੋ. ਆਰ.ਕੇ. ਪਰਾਸ਼ਰ
29. ਮਿਸਿਜ਼ ਰੇਖਾ
30. ਮਿਸ ਰਮਨਪ੍ਰੀਤ ਕੌਰ
31. ਡਾ. ਸਰਿੰਦਰ ਸਿੰਘ,
    ਡੀਨ, ਅਕਾਦਮਿਕ ਮਾਮਲੇ
32. ਡਾ. ਐਸ.ਕੇ. ਮੋਡਗਿੱਲ
33. Fr. Simon Kalladayal
34. ਪ੍ਰੋ. ਸ਼ਰਨਜੀਤ ਸਿੰਘ ਢਿੱਲੋਂ
35. ਡਾ. ਸਤੀਸ਼ ਵਰਮਾ
36. ਡਾ. ਤੇਜਿੰਦਰ ਕੌਰ ਮਾਨ
37. ਮਿਸਿਜ਼ ਊਸ਼ਾ ਕਪੂਰ
38. ਡਾ. ਵਿਨੇ ਮਹਿਰਾ
39. ਡਾ. ਇੰਦਰਜੀਤ ਸਿੰਘ, . . . (ਸਕੱਤਰ)
    ਰਜਿਸਟਰਾਰ

ਇਕੱਤਰਤਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਸੈਨੇਟ ਦੀ ਇਕੱਤਰਤਾ ਵਿਚ ਹਾਜ਼ਰ ਹੋਏ ਸੈਨੇਟ ਦੇ ਮੈਂਬਰ ਸਾਹਿਬਾਨ ਅਤੇ ਵਿਸ਼ੇਸ਼ ਤੌਰ ਤੇ ਇਕੱਤਰਤਾ ਵਿਚ ਪਹਿਲੀ ਵਾਰ ਸ਼ਾਮਲ ਹੋਏ ਨਵੇਂ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ ' ਆਖਿਆ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀ ਇੱਕਤਰਤਾ ਮਿਤੀ 19.8.2010 ਦੀ ਕਾਰਵਾਈ ਦੀ ਪੁਸ਼ਟੀ।**

1. ਸੈਨੇਟ ਦੀ ਇੱਕਤਰਤਾ ਮਿਤੀ 19.8.2010 ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਸੈਨੇਟ ਦੀ ਇੱਕਤਰਤਾ ਮਿਤੀ 19.8.2010 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀ ਇੱਕਤਰਤਾ ਮਿਤੀ 19.8.2010 ਦੇ ਨਿਰਣਿਆ ਤੇ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀ ਇੱਕਤਰਤਾ ਮਿਤੀ 19.8.2010 ਦੇ ਨਿਰਣਿਆਂ ਤੇ ਕੀਤੀ ਕਾਰਵਾਈ (**ਅੰਤਿਕਾ** ਅਨੁਸਾਰ) ਨੋਟ ਕੀਤੀ ਗਈ।

ਮਾਲੀ ਸਾਲ 2011-12 ਦੇ ਬੱਜਟ ਅਨੁਮਾਨਾਂ ਦੀ ਪਰਵਾਨਗੀ।

3. ਮਾਲੀ ਸਾਲ 2011-12 ਲਈ ਯੂਨੀਵਰਸਿਟੀ ਦੇ ਬੱਜਟ ਅਨੁਮਾਨ ਆਦਿ (**ਅੰਤਿਕਾ** ਅਨੁਸਾਰ) ਉਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਮਾਲੀ ਸਾਲ 2011-12 ਦੇ ਬੱਜਟ ਅਨੁਮਾਨਾਂ ਸਬੰਧੀ ਵੇਰਵਾ ਦਿੱਤਾ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

ਸਾਲ 2010-11 ਦਾ ਲੇਖਾ ਜੋਖਾ

ਸਾਲ 2010-11 ਦਾ ਬਜਟ 27 ਕਰੋੜ 42 ਲੱਖ 77 ਹਜ਼ਾਰ ਰੁਪਏ ਦੀ ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ , ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ 32 ਕਰੋੜ 75 ਲੱਖ 48 ਹਜ਼ਾਰ ਰੁਪਏ ਦਾ ਮੁਢਲੀ ਬਕਾਇਆ ਦਰਸਾਇਆ ਗਿਆ ਹੈ। 192 ਕਰੋੜ 85 ਲੱਖ 46 ਹਜ਼ਾਰ ਰੁਪਏ ਦੇ ਖਰਚ ਅਨੁਮਾਨ ਨੂੰ ਘਟਾ ਕੇ 138 ਕਰੋੜ 21 ਲੱਖ 6 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ, ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲੱਬਧ ਹੋ ਸਕੇ । ਇਸ ਸਾਲ ਪੰਜਾਬ ਸਰਕਾਰ ਵੱਲੋਂ ਬਤੌਰ ਮੇਨਟੀਨੈਂਸ ਗ੍ਰਾਂਟ 23 ਕਰੋੜ 69 ਲੱਖ 90 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਵੇਗੀ। ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 72 ਕਰੋੜ 57 ਲੱਖ 44 ਹਜ਼ਾਰ ਰੁਪਏ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 105 ਕਰੋੜ 47 ਲੱਖ 6 ਹਜ਼ਾਰ ਰੁਪਏ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2010-11 ਦੌਰਾਨ ਖਰਚੇ ਵਿਚ ਤਕਰੀਬਨ 54 ਕਰੋੜ ਰੁਪਏ ਦੀ ਕਮੀ ਕੀਤੀ ਗਈ ਹੈ, ਜਦਕਿ ਆਮਦਨ ਵਿਚ ਤਕਰੀਬਨ 33 ਕਰੋੜ ਰੁਪਏ ਦਾ ਵਾਧਾ ਕਰਦਿਆਂ ਹੋਇਆਂ ਸਾਲ 2010-11 ਦੇ ਬਜਟ ਦਾ ਅੰਤ 25 ਕਰੋੜ 19 ਲੱਖ 87 ਹਜ਼ਾਰ ਰੁਪਏ ਦੀ ਵਾਫ਼ਰ ਰਕਮ ਨਾਲ ਕੀਤਾ ਗਿਆ ਹੈ।

ਸਾਲ 2011-12 ਦੇ ਬਜਟ ਅਨੁਮਾਨ

ਸਾਲ 2011-12 ਦੇ ਬਜਟ 25 ਕਰੋੜ 19 ਲੱਖ 87 ਹਜ਼ਾਰ ਰੁਪਏ ਦੀ ਵਾਫਰ ਰਕਮ ਨਾਲ ਸ਼ੁਰੂ ਹੁੰਦਾ ਹੈ। ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ ਕਰਕੇ ਤਨਖਾਹਾਂ ਦਾ ਸਾਰਾ ਖਰਚਾ 97 ਕਰੋੜ ਰੁਪਏ ਤੋਂ ਵੱਧ ਕੇ ਤਕਰੀਬਨ 112 ਕਰੋੜ ਰੁਪਏ ਸਲਾਨਾ ਹੋ ਗਿਆ ਹੈ। ਇਸ ਤੋਂ ਇਲਾਵਾ ਸੋਧੇ ਤਨਖਾਹ ਸਕੇਲ ਦੇ ਬਣਦੇ ਬਕਾਏ ਦੀ ਅਦਾਇਗੀ ਹਿੱਤ ਅਧਿਆਪਨ ਸਟਾਫ ਲਈ 43 ਕਰੋੜ ਰੁਪਏ, ਗੈਰ-ਅਧਿਆਪਨ ਸਟਾਫ ਲਈ 12 ਕਰੋੜ ਰੁਪਏ ਅਤੇ ਮਹਿੰਗਾਈ ਭੱਤੇ ਵਿਚ ਹੋਣ ਵਾਲੇ ਵਾਧੇ ਲਈ 11 ਕਰੋੜ ਰੁਪਏ ਦੀ ਵਿਵਸਥਾ ਬਜਟ ਵਿਚ ਕੀਤੀ ਗਈ

ਹੈ। ਕੁਲ ਮਿਲਾ ਕੇ ਖਰਚੇ ਦੀ ਰਕਮ 242 ਕਰੋੜ 58 ਲੱਖ 52 ਹਜ਼ਾਰ ਰੁਪਏ ਹੋਵੇਗੀ। ਆਮਦਨ ਦੇ ਪੱਖੋਂ ਸਰਕਾਰ ਵੱਲੋਂ ਮਿਲਣ ਵਾਲੀ 23 ਕਰੋੜ 69 ਲੱਖ 90 ਹਜ਼ਾਰ ਰੁਪਏ ਦੀ ਮੇਨਟੀਨੈਂਸ ਗ੍ਰਾਂਟ ਅਤੇ 43 ਕਰੋੜ ਰੁਪਏ ਦੀ ਬਕਾਇਆ ਅਦਾਇਗੀ ਲਈ ਜਾਰੀ ਕੀਤੀ ਜਾਣ ਵਾਲੀ ਗ੍ਰਾਂਟ ਅਤੇ ਫ਼ੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 87 ਕਰੋੜ 5 ਲੱਖ 49 ਹਜ਼ਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁਲ ਆਮਦਨ 153 ਕਰੋੜ 75 ਲੱਖ 39 ਹਜ਼ਾਰ ਰੁਪਏ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਸਾਲ 2011-12 ਦਾ ਬਜਟ 63 ਕਰੋੜ 63 ਲੱਖ 26 ਹਜ਼ਾਰ ਰੁਪਏ ਦੇ ਘਾਟੇ ਨਾਲ ਹੋਣ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿਤ ਅਤੇ ਵਿਦਿਆਰਥੀਆਂ ਦੀ ਮੰਗ ਨੂੰ ਸਾਹਮਣੇ ਰੱਖਦਿਆਂ ਹੋਇਆ ਕੁਝ ਕਿੱਤਾ ਮੁਖੀ (Professional) ਕੋਰਸਾਂ ਵਿਚ ਸੀਟਾਂ ਦਾ ਵਾਧਾ ਕੀਤਾ ਜਾ ਰਿਹਾ ਹੈ ਤਾਂ ਜੋ ਆਮਦਨ ਅਤੇ ਖਰਚੇ ਦੀ ਰਕਮ ਵਿਚ ਤਾਲਮੇਲ ਬਿਠਾਇਆ ਜਾ ਸਕੇ।

ਸਾਲ 2011-12 ਦੇ ਬਜਟ ਅਨੁਮਾਨ ਦੀ ਕੁਲ 242 ਕਰੋੜ 58 ਲੱਖ 52 ਹਜ਼ਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:

| | |
|---|---|
| 1) ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿਖਿਆ ਦਾ ਸੁਧਾਰ | 56.61% |
| 2) ਗੈਰ-ਅਧਿਆਪਨ ਵਿਭਾਗ (ਹੋਸਟਲ,ਪਬਲੀਕੇਸ਼ਨ, ਅਸਟੇਟ, ਉਸਾਰੀ, ਐਨ.ਐਸ.ਐਸ., ਲੈਂਡਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 9.41% |
| 3) ਜਨਰਲ ਐਡਮਿਨਿਸਟਰੇਸ਼ਨ | 16.73% |
| 4) ਪ੍ਰੀਖਿਆਵਾਂ ਦਾ ਸੰਚਾਲਨ | 3.26% |
| 5) ਆਮ ਮੱਦਾਂ (ਅਧਿਆਪਨ ਅਤੇ ਗੈਰ-ਅਧਿਆਪਨ) (ਸੇਵਾ-ਮੁਕਤੀ ਲਾਭ, ਵਹੀਕਲਜ਼, ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ. ਐਕਸ, ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਅਧੁਨੀਕੀਕਰਨ, ਗ੍ਰੈਚੁਟੀ, ਲੀਵ ਐਨਕੈਸ਼ਮੈਂਟ, ਐਲ.ਟੀ.ਸੀ.) | 12.34% |
| 6) ਇਮਾਰਤਾਂ ਦੀ ਉਸਾਰੀ | 1.65% |

ਸਾਲ 2010-11 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 2 ਕਰੋੜ ਰੁਪਏ ਦੀ ਫੀਸ ਰਿਫੰਡ ਕੀਤੀ ਗਈ ਹੈ ਜਾਂ ਰਿਅਇਤ ਵਜੋਂ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਸਹਾਇਤਾ ਹਿੱਤ 3 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਅਦਾਇਗੀ ਕਰਵਾਉਣ ਲਈ 2 ਕਰੋੜ 26 ਲੱਖ ਰੁਪਏ ਦੀ ਰਕਮ ਦੇ ਕਲੇਮ ਪੰਜਾਬ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ। ਕਾਲਜ ਵਿਦਿਆਰਥੀਆਂ ਨੂੰ ਖੇਡ ਅਤੇ ਸਭਿਆਚਾਰਕ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਦੌਰਾਨ ਵੀ ਵੱਧ ਤੋਂ ਵੱਧ ਯੁਵਕ ਮੇਲੇ ਅਤੇ ਖੇਡ ਮੁਕਾਬਲੇ ਆਯੋਜਿਤ ਕਰਕੇ ਵਿਦਿਆਰਥੀਆਂ ਨੂੰ ਸ਼ੀਲਡ ਅਤੇ ਬਲੇਜ਼ਰ ਆਦਿ ਤੋਂ ਇਲਾਵਾ ਨਕਦ ਪੁਰਸਕਾਰ ਵੀ ਦਿੱਤੇ ਜਾਣਗੇ। ਇਸ ਤੋਂ ਛੁੱਟ ਤਕਰੀਬਨ ਹਰੇਕ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਵਿਦਿਅਕ ਟੂਰ ਕਰਵਾਏ ਜਾਣ ਦੇ ਨਾਲ ਨਾਲ ਸਮੇਂ ਸਮੇਂ ਤੇ ਸੈਮੀਨਾਰ

ਅਤੇ ਕਾਨਫ੍ਰੰਸਾਂ ਦਾ ਆਯੋਜਨ ਕਰਕੇ ਦੂਰ ਦੂਰ ਤੋਂ, ਇਥੋਂ ਤੱਕ ਕਿ ਵਿਦੇਸ਼ਾਂ ਤੋਂ ਵੀ ਸਬਧੰਤ ਵਿਸ਼ੇ ਦੇ ਵਿਦਿਅਕ ਮਾਹਿਰ ਬੁਲਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਮਾਹਿਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਖੋਜ ਨਾਲ ਜੋੜਨ ਹਿੱਤ ਹਰ ਸਾਲ 50 ਖੋਜ ਵਿਦਿਆਰਥੀਆਂ ਦੀ ਨਿਯੁਕਤੀ ਕੀਤੀ ਜਾਵੇਗੀ। ਹਰੇਕ ਖੋਜਾਰਥੀ(Scholar) ਨੂੰ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਵੇਗਾ। ਖੋਜ ਦੇ ਕੰਮ ਵਿਚ ਨਿਪੁੰਨਤਾ ਲਿਆਉਣ ਦੇ ਮੰਤਵ ਨਾਲ ਯੂਨੀਵਰਸਿਟੀ ਫੰਡਾਂ ਵਿਚੋਂ 3 ਕਰੋੜ 60 ਲੱਖ ਰੁਪਏ ਦੀ ਲਾਗਤ ਨਾਲ ਸਾਜੋ-ਸਮਾਨ (Equipments) ਦੀ ਖਰੀਦ ਕੀਤੀ ਗਈ ਹੈ।

ਇਸ ਖੇਤਰ ਦੇ ਵਿਦਿਆਰਥੀਆਂ ਦੀ ਜਰੂਰਤ ਨੂੰ ਸਾਹਮਣੇ ਰੱਖਦਿਆ ਹੋਇਆਂ ਯੂਨੀਵਰਸਿਟੀ ਵਿਚ ਡੇੜ ਕਰੋੜ ਰੁਪਏ ਦੀ ਲਾਗਤ ਨਾਲ ਵੈਲੋਡਰੋਮ ਦੀ ਉਸਾਰੀ ਕਰਨ ਉਪਰੰਤ ਟੂਰਨਾਮੈਂਟ ਕਰਵਾਏ ਗਏ ਹਨ।ਹਰੇਕ ਖੇਡ ਅਧਿਕਾਰੀ ਨੇ ਵੈਲੋਡਰੋਮ ਦੀ ਪ੍ਰਸ਼ੰਸਾ ਕੀਤੀ ਹੈ। ਉਸਾਰੀ ਦੀਆਂ ਹੋਰ ਗਤੀਵਿਧੀਆਂ ਵਿਚ ਸ਼ਾਮਲ ਹੈ: 128 ਕਮਰਿਆਂ ਦਾ ਲੜਕਿਆ ਦਾ ਹੋਸਟਲ, 98 ਕਮਰਿਆਂ ਦਾ ਲੜਕੀਆਂ ਦਾ ਹੋਸਟਲ, ਕੈਮਿਸਟਰੀ ਅਤੇ ਫਿਜਿਕਸ ਵਿਭਾਗ ਦਾ ਇਕ-ਇਕ ਬਲਾਕ, ਮਹਾਰਾਜਾ ਰਣਜੀਤ ਸਿੰਘ ਭਵਨ ਵਿਚ 8 ਲੈਕਚਰ ਥਿਏਟਰ, ਜਿਸ ਵਿਚ ਅਪਾਹਿਜ ਵਿਅਕਤੀਆਂ ਲਈ ਰੈਂਪ ਦੀ ਸੁਵਿਧਾ ਦਿੱਤੀ ਗਈ ਹੈ। ਅਕਾਦਮਿਕ ਸਟਾਫ ਕਾਲਜ ਦਾ 30 ਕਮਰਿਆਂ ਦਾ ਗੈਸਟ ਹਾਊਸ, ਐਮਰਜਿੰਗ ਲਾਈਫ ਸਾਇੰਸਜ਼ ਦਾ ਪ੍ਰੋਜੈਕਟ, ਰਿਜਨਲ ਕੈਂਪਸ ਜਲੰਧਰ ਦੇ ਆਈ.ਟੀ. ਬਲਾਕ ਦੀ ਚੌਥੀ ਮੰਜਿਲ, ਰਿਜਨਲ ਕੈਂਪਸ, ਗੁਰਦਾਸਪੁਰ ਲਈ ਆਧੁਨਿਕ ਤਕਨੀਕ ਦਾ ਸੀਵਰੇਜ ਟਰੀਟਮੈਂਟ ਪਲਾਂਟ. ਮੁਕੰਦਪੁਰ ਕਾਲਜ ਲਈ ਜਿਮਨੇਜ਼ਿਅਮ ਅਤੇ ਚਾਰ ਦੀਵਾਰੀ ਦੀ ਉਸਾਰੀ ਤੋਂ ਇਲਾਵਾ ਨਿਆੜੀ ਕਾਲਜ ਵਿਚ ਚਾਰ ਕਲਾਸ ਰੂਮ ਅਤੇ ਇਕ ਲੈਬਾਰਟਰੀ ਦੀ ਉਸਾਰੀ ਦਾ ਕੰਮ ਕੀਤਾ ਜਾ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਯੂਨੀਵਰਸਿਟੀ ਕਾਲਜ, ਜਲੰਧਰ ਦੀ ਕਿਰਾਏ ਦੀ ਇਮਾਰਤ ਵਿਚ ਕਲਾਸ ਰੂਮ ਅਤੇ ਕਮਰਿਆਂ ਦੀ ਤੰਗੀ ਮਹਿਸੂਸ ਕੀਤੀ ਜਾ ਰਹੀ ਸੀ। ਪੰਜਾਬ ਸਰਕਾਰ ਤੋਂ ਮਿਲੇ ਸਹਿਯੋਗ ਸਦਕਾ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲ਼ੰਧਰ ਵਲੋਂ ਖਾਲੀ ਕੀਤੀ ਗਈ ਜਗ੍ਹਾ, ਸਮੇਤ ਇਮਾਰਤ ਯੂਨੀਵਰਸਿਟੀ ਕਾਲਜ ਨੂੰ ਮਿਲ ਗਈ ਹੈ ਅਤੇ ਕਾਲਜ ਇਸ ਇਮਾਰਤ ਵਿਚ ਤਬਦੀਲ ਕੀਤਾ ਜਾ ਚੁੱਕਾ ਹੈ।

ਪੇਂਡੂ ਇਲਾਕੇ ਦੇ ਨੋਜਵਾਨਾਂ ਤੱਕ ਉਚੇਰੀ ਸਿਖਿਆ ਪਹੁੰਚਾਉਣ ਦੇ ਮੰਤਵ ਨਾਲ ਸਰਕਾਰ ਵੱਲੋਂ ਤਹਿ ਨੀਤੀ ਅਨੁਸਾਰ ਇਸ ਯੂਨੀਵਰਸਿਟੀ ਨੂੰ 4 ਕਾਲਜ (ਵੇਰਕਾ, ਜ਼ਿਲਾ ਅੰਮ੍ਰਿਤਸਰ; ਚੁੰਘ, ਜ਼ਿਲਾ ਤਰਨ ਤਾਰਨ; ਨਰੋਟ ਜੈਮਲ ਸਿੰਘ, ਜ਼ਿਲਾ ਗੁਰਦਾਸਪੁਰ ਅਤੇ ਮਿੱਠੜਾ, ਜ਼ਿਲਾ ਕਪੂਰਥਲਾ) ਅਲਾਟ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਮਿੱਠੜਾ ਕਾਲਜ ਵਿਖੇ 2010 ਦੇ ਸੈਸ਼ਨ ਤੋਂ ਕਲਾਸਾਂ ਸ਼ੁਰੂ ਕਰ ਦਿੱਤੀਆਂ ਗਈਆ ਹਨ, ਜਦਕਿ ਬਾਕੀ ਤਿੰਨ ਕਾਲਜਾਂ ਵਿਖੇ 2011-12 ਦੇ ਸੈਸ਼ਨ ਤੋਂ ਕਲਾਸਾਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਕਾਲਜਾਂ ਲਈ ਸਰਕਾਰ ਵੱਲੋਂ 1 ਕਰੋੜ 50 ਲੱਖ ਰੁਪਏ ਪ੍ਰਤੀ ਕਾਲਜ ਪ੍ਰਤੀ ਸਾਲ ਦੇ ਹਿਸਾਬ ਨਾਲ ਗ੍ਰਾਂਟ ਜਾਰੀ ਕੀਤੀ ਜਾਵੇਗੀ। ਮਿਠੜਾ ਕਾਲਜ ਲਈ 95 ਲੱਖ 72 ਹਜ਼ਾਰ ਰੁਪਏ ਦੀ ਗ੍ਰਾਂਟ ਵਸੂਲ ਹੋ ਚੁੱਕੀ ਹੈ। ਇਸ ਤੋਂ ਛੁੱਟ ਸਠਿਆਲਾ ਅਤੇ ਸੁਲਤਾਨਪੁਰ ਲੋਧੀ ਵਿਖੇ ਦੋ ਰਿਜਨਲ ਕੈਂਪਸ

ਵੀ ਸਥਾਪਿਤ ਕੀਤੇ ਜਾ ਰਹੇ ਹਨ। ਇਨ੍ਹਾਂ ਕਾਲਜਾਂ ਅਤੇ ਕੈਂਪਸਾਂ ਲਈ ਜ਼ਮੀਨ ਅਤੇ ਇਮਾਰਤ ਦੀ ਉਸਾਰੀ ਤੇ ਅਕੈਡਮਿਕ ਗਤੀਵਿਧੀਆਂ ਲਈ ਲੋੜੀਂਦੀ ਗ੍ਰਾਂਟ ਸਰਕਾਰ ਵੱਲੋਂ ਜਾਰੀ ਕੀਤੀ ਜਾਵੇਗੀ। ਸਠਿਆਲਾ ਕੈਂਪਸ ਲਈ ਪ੍ਰਵਾਨਿਤ 9 ਕਰੋੜ ਰੁਪਏ ਦੀ ਗ੍ਰਾਂਟ ਵਿਚੋਂ 4 ਕਰੋੜ 50 ਲੱਖ ਰੁਪਏ ਦੀ ਰਕਮ ਵਸੂਲ ਹੋ ਚੁੱਕੀ ਹੈ। ਆਸ ਹੈ ਕਿ ਇਨ੍ਹਾਂ ਕਾਲਜਾਂ ਅਤੇ ਕੈਂਪਸਾਂ ਦੀ ਸਥਾਪਨਾ ਨਾਲ ਪੇਂਡੂ ਅਤੇ ਪਛੜੇ ਇਲਾਕੇ ਦੇ ਨੌਜਵਾਨਾਂ, ਖਾਸ ਕਰਕੇ ਲੜਕੀਆਂ ਨੂੰ ਪ੍ਰੋਫੈਸ਼ਨਲ ਕੋਰਸਾਂ ਰਾਹੀਂ ਆਤਮ-ਨਿਰਭਰ ਹੋਣ ਵਿਚ ਸਹਾਈ ਹੋਵੇਗਾ।

ਯੂਨੀਵਰਸਿਟੀ ਵੱਲੋਂ ਤਕਰੀਬਨ ਹਰੇਕ ਅਧਿਆਪਕ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਕਿ ਉਹ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਵਾਧੂ ਸਮੇਂ ਵਿਚ ਖੋਜ ਦਾ ਕੰਮ ਜ਼ਰੂਰ ਕਰਿਆ ਕਰਨ। ਯੂਨੀਵਰਸਿਟੀ ਵੱਲੋਂ ਅਧਿਆਪਕਾਂ ਨੂੰ ਯੂ.ਜੀ.ਸੀ., ਡੀ.ਐਸ.ਟੀ., ਸੀ.ਐਸ.ਆਈ. ਆਰ., ਆਈ.ਸੀ.ਐਸ.ਐਸ.ਆਰ ਅਤੇ ਹੋਰ ਕੇਂਦਰੀ ਅਦਾਰਿਆਂ ਤੋਂ ਖੋਜ ਲਈ ਗ੍ਰਾਂਟ ਅਲਾਟ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ, ਜਿਸ ਦੀ ਵਜ੍ਹਾ ਨਾਲ ਕੁਲ 17 ਕਰੋੜ ਰੁਪਏ ਦੀ ਲਾਗਤ ਨਾਲ 106 ਖੋਜ ਪ੍ਰੋਜੈਕਟਾਂ 'ਤੇ ਕੰਮ ਚਲ ਰਿਹਾ ਹੈ।

ਵਿਦਿਅਕ ਅਤੇ ਪ੍ਰਬੰਧਕੀ ਸੁਧਾਰ ਲਈ ਅਤੇ ਲੈਬਾਰਟਰੀਆਂ ਤੇ ਪ੍ਰਬੰਧਕੀ ਦਫ਼ਤਰਾਂ ਦੇ ਆਧੁਨੀਕੀਕਰਨ ਦੇ ਮੰਤਵ ਨਾਲ 500 ਕੰਪਿਊਟਰਾਂ ਦੀ ਖਰੀਦ ਕੀਤੀ ਜਾ ਰਹੀ ਹੈ। ਪ੍ਰੀਖਿਆਵਾਂ ਨਾਲ ਸਬੰਧਤ ਅਧਿਆਪਕਾਂ ਅਤੇ ਅਮਲੇ ਨੂੰ ਮਾਨ-ਭੱਤੇ ਦੀ ਅਦਾਇਗੀ ਜਲਦੀ ਕਰਵਾਉਣ ਦੇ ਮੰਤਵ ਨਾਲ ਇਹ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਦੀ ਅਦਾਇਗੀ ਚੈਕਾਂ ਰਾਹੀਂ ਕਰਨ ਦੀ ਬਜਾਏ ਸਿੱਧੇ ਸਬੰਧਤ ਅਧਿਕਾਰੀਆਂ ਦੇ ਬੈਂਕ ਖਾਤੇ ਵਿਚ ਜਮ੍ਹਾ ਕਰਵਾ ਦਿੱਤੀ ਜਾਵੇ। ਇਸ ਦੇ ਨਾਲ ਹੀ ਇਹ ਯੋਜਨਾ ਵੀ ਬਣਾਈ ਜਾ ਰਹੀ ਹੈ ਕਿ ਕਾਲਜਾਂ ਨੂੰ ਫੀਸਾਂ ਜਮ੍ਹਾ ਕਰਵਾਉਣ ਲਈ ਯੂਨੀਵਰਸਿਟੀ ਨਾ ਆਉਣਾ ਪਵੇ ਅਤੇ ਸਿੱਧੀ ਬੈਂਕ ਰਾਹੀਂ ਹੀ ਫੀਸਾਂ ਪ੍ਰਾਪਤ ਕਰ ਲਈਆ ਜਾਣ। ਯੂਨੀਵਰਸਿਟੀ ਦਾ ਕੈਸ਼ ਵਿਭਾਗ ਜਿੱਥੇ ਪਹਿਲਾਂ ਇਕ ਕੰਟਰੈਕਟਰ ਵੱਲੋਂ ਸੰਭਾਲਿਆ ਜਾ ਰਿਹਾ ਸੀ, ਉਥੇ ਹੁਣ ਇਸ ਵਿਭਾਗ ਦੀ ਜਿੰਮੇਵਾਰੀ ਯੂਨੀਵਰਸਿਟੀ ਕਰਮਚਾਰੀਆਂ ਨੂੰ ਸੌਂਪ ਦਿੱਤੀ ਗਈ ਹੈ। ਸਮੂਹ ਯੂਨੀਵਰਸਿਟੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਤਨਖਾਹ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾ ਕਰਵਾਈ ਜਾ ਰਹੀ ਹੈ ਅਤੇ ਤਨਖਾਹ ਦਾ ਵੇਰਵਾ ਆਨ-ਲਾਈਨ ਕਰ ਦਿੱਤਾ ਗਿਆ ਹੈ।ਕੈਂਪਸ ਵਿਦਿਆਰਥੀਆਂ ਵੱਲੋਂ ਲਈਆਂ ਜਾਣ ਵਾਲੀਆਂ ਫੀਸਾਂ ਦਾ ਵੇਰਵਾ ਵੀ ਆਨ-ਲਾਈਨ ਕਰ ਦਿੱਤਾ ਗਿਆ ਹੈ।ਯੂਨੀਵਰਸਿਟੀ ਕੈਂਪਸ ਵਿਚ ਦੂਸਰੇ ਬੈਂਕ ਦੀ ਜ਼ਰੂਰਤ ਪਿਛਲੇ ਕਈ ਸਾਲ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਸਟੇਟ ਬੈਂਕ ਆਫ ਪਟਿਆਲਾ ਵੱਲੋਂ ਇਕ ਸ਼ਾਖਾ ਖੋਲ ਦਿੱਤੀ ਗਈ ਹੈ, ਜਿਸ ਨਾਲ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਕਾਫੀ ਸਹੂਲਤ ਹੋਵੇਗੀ। ਪ੍ਰਬੰਧਕੀ ਸੁਧਾਰ ਦੇ ਮੰਤਵ ਨਾਲ ਯੂਨੀਵਰਸਿਟੀ ਵੱਲੋਂ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ ਕਿ ਕਾਗਜ਼ੀ ਕਾਰਵਾਈ ਨੂੰ ਘੱਟ ਤੋਂ ਘੱਟ ਕੀਤਾ ਜਾਵੇ। ਵਿਦਿਆਰਥੀਆਂ ਦੀ ਰਜਿਸਟਰੇਸ਼ਨ ਦਾ ਕੰਮ ਕੰਪਿਊਟਰ ਤੇ ਲਿਆਂਦਾ ਗਿਆ ਹੈ ਅਤੇ ਹੋਰ ਦੂਸਰੀਆਂ ਪ੍ਰਬੰਧਕੀ ਸ਼ਾਖਾਵਾਂ ਦੇ ਕੰਮ ਨੂੰ ਵੀ ਪੜਾਅਵਾਰ ਕੰਪਿਊਟਰ ਤੇ ਲਿਆਂਦਾ ਜਾ ਰਿਹਾ ਹੈ ਤਾਂ ਜੋ ਕੰਮ ਵਿਚ ਪਾਰਦਰਸ਼ਤਾ ਅਤੇ ਨਿਪੁੰਨਤਾ ਭਰੀ ਤੇਜੀ ਆ ਸਕੇ। ਵਿਦਿਆਥੀਆਂ ਨੂੰ

ਐਸ.ਐਮ.ਐਸ. ਰਾਹੀਂ ਮੋਬਾਈਲ ਤੇ ਨਤੀਜੇ ਸੂਚਿਤ ਕਰਨ ਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵਾਂਗ ਕੁਝ ਨਵੇਂ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ ਅਤੇ ਸੀਟਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਕਲਾਸ ਰੂਮ ਵੱਡੇ ਕੀਤੇ ਜਾ ਰਹੇ ਹਨ, ਜਿਸ ਨਾਲ ਘੱਟ ਤੋਂ ਘੱਟ ਅਧਿਆਪਕਾਂ ਦੀ ਜ਼ਰੂਰਤ ਪਵੇ। ਇਸ ਤਰ੍ਹਾਂ ਆਮਦਨ ਵਿਚ ਵਾਧਾ ਅਤੇ ਖਰਚਿਆਂ ਵਿਚ ਕਟੋਤੀ ਕਰਕੇ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸਾਡਾ ਬੱਜਟ ਸੰਤੁਲਿਤ ਰਹੇ। ਪਿਛਲੇ ਸਾਲ ਸਰਕਾਰ ਵੱਲੋਂ ਦਿੱਤੀ 18 ਕਰੋੜ ਰੁਪਏ ਦੀ ਗ੍ਰਾਂਟ ਦੀ ਬਜਾਏ ਇਸ ਸਾਲ 24 ਕਰੋੜ ਰੁਪਏ ਦੀ ਗ੍ਰਾਂਟ ਪਰਵਾਨ ਕੀਤੀ ਗਈ ਹੈ। ਸਾਨੂੰ ਆਸ ਹੈ ਕਿ ਸਰਕਾਰ ਵੱਲੋਂ ਬੱਜਟ ਪਾਸ ਕਰਦੇ ਸਮੇਂ 24 ਕਰੋੜ ਰੁਪਏ ਦੀ ਇਸ ਮੇਨਟੀਨੈਂਸ ਗ੍ਰਾਂਟ ਵਿਚ ਵਾਧਾ ਕੀਤਾ ਜਾਵੇਗਾ। ਅਗਲਾ ਸਾਲ ਵੀ ਇਸ ਸਾਲ ਨਾਲੋਂ ਵਧੇਰੇ ਵਿਤੀ ਘਾਟੇ ਦਾ ਹੈ। ਸਾਲ 2006 ਤੋਂ ਰਿਟਾਇਰ ਹੋਏ ਅਧਿਆਪਕਾਂ ਦੇ ਬਣਦੇ ਬਕਾਏ, ਜਿਨ੍ਹਾਂ ਵਿਚ ਉਨ੍ਹਾਂ ਦੀਆਂ ਪੈਨਸ਼ਨਾਂ ਸੋਧੀਆਂ ਗਈਆ ਸਨ, ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਅਗਲੇ ਸਾਲ ਵੀ ਇਹ ਅਦਾਇਗੀਆਂ ਕੀਤੀਆਂ ਜਾਣਗੀਆਂ।

ਬੱਜਟ ਬਾਰੇ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਵੱਲੋਂ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ।

ਪ੍ਰਿੰਸੀਪਲ ਜਗਦੀਸ਼ ਸਿੰਘ

ਉਨ੍ਹਾਂ ਵਾਈਸ-ਚਾਂਸਲਰ ਸਾਹਿਬ ਨੂੰ ਵਧੀਆ ਬੱਜਟ ਪੇਸ਼ ਕਰਨ ਤੇ ਵਧਾਈ ਦਿੱਤੀ ।ਉਨ੍ਹਾਂ ਕਿਹਾ ਕਿ ਬੜੇ ਸਾਲਾਂ ਤੋਂ ਅਸੀਂ ਕੋਸ਼ਿਸ ਕਰ ਰਹੇ ਸੀ ਕਿ ਇਸ ਯੂਨੀਵਰਸਿਟੀ ਵਿਖੇ 'ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸਥਾਪਨਾ ਕੀਤੀ ਜਾਵੇ। ਜਦੋਂ ਪ੍ਰਧਾਨ ਮੰਤਰੀ ਸ੍ਰੀ ਮਨਮੋਹਨ ਸਿੰਘ ਜੀ ਇੱਥੇ ਆਏ ਸਨ, ਉਨ੍ਹਾਂ ਨੂੰ ਵੀ ਇਸ ਸਬੰਧੀ ਬੇਨਤੀ ਕੀਤੀ ਗਈ ਸੀ, ਪਰ ਗੱਲ ਸਿਰੇ ਨਹੀਂ ਚੜ੍ਹ ਰਹੀ ਸੀ। ਇਹ ਤੁਹਾਡੀ ਮਿਹਨਤ ਦਾ ਸਿੱਟਾ ਹੈ ਕਿ ਇਸ ਸਬੰਧੀ ਕੇਂਦਰ ਪਾਸੋਂ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ।ਇਸ ਯੂਨੀਵਰਸਿਟੀ ਵਿਚ ਇਸ ਕੇਂਦਰ ਦੀ ਸਥਾਪਨਾ ਸੰਸਾਰ ਵਿਚੋਂ ਇਕ ਨਵੇਕਲੀ ਥਾਂ ਰੱਖਦਾ ਹੈ। ਗੁਰੂ ਗ੍ਰੰਥ ਸਾਹਿਬ ਮਨੁੱਖਤਾ ਦਾ ਗ੍ਰੰਥ ਹੈ। ਇਸ ਵਿਚ ਕੋਈ ਵਿਤਕਰਾ ਨਹੀਂ।

ਉਨ੍ਹਾਂ ਕਿਹਾ ਕਿ ਜਿਹੜਾ ਖਰਚ ਪੜ੍ਹਾਈ ਅਤੇ ਖੋਜ 'ਤੇ 40% ਜਾਂ 45% ਹੁੰਦਾ ਸੀ, ਉਹ 50% ਕਰ ਦੇਣਾ ਚਾਹੀਦਾ ਹੈ। ਖੋਜ ਦੇ ਕੰਮ ਵਿਚ ਬਹੁਤ ਵਾਧਾ ਕੀਤਾ ਗਿਆ ਹੈ। ਵੱਡੇ-ਵੱਡੇ ਸਾਇੰਸਦਾਨਾਂ - Prof. Alexander Pines ਅਤੇ Nobel Laureate, Prof. Dr. Richard R. Ernst ਨੂੰ ਸਨਮਾਨਰਥ (Honoris Causa) ਡਿਗਰੀ ਨਾਲ ਨਿਵਾਜਿਆ ਗਿਆ ਹੈ। ਇਹ ਬਹੁਤ ਹੀ ਨਿਵੇਕਲਾ ਕੰਮ ਹੈ। ਵਾਈਸ-ਚਾਂਸਲਰ ਸਾਹਿਬ ਨੇ ਯੂਨੀਵਰਸਿਟੀ ਦਾ ਅਕਸ ਦੁਨੀਆਂ ਵਿਚ ਲਿਆਦਾ ਹੈ। ਡਾ. ਰਿਚਰਡ ਨੇ ਆਪਣੇ ਭਾਸ਼ਣ ਵਿਚ ਵੱਖ-ਵੱਖ ਧਰਮਾਂ ਦੀਆਂ ਗੱਲਾਂ ਕੀਤੀਆਂ। ਉਨ੍ਹਾਂ ਦਾ ਭਾਸ਼ਣ ਬਹੁਤ ਉੱਚਕੋਟੀ ਦਾ ਸੀ। ਪੇਂਡੂ ਖੇਤਰ ਵਿਚ ਇਸ ਯੂਨੀਵਰਸਿਟੀ ਨੇ ਪਿੰਡਾਂ ਦੇ ਲੋਕਾਂ ਵਾਸਤੇ ਸ਼ਲਾਘਾਯੋਗ ਕੰਮ ਕੀਤਾ ਹੈ। ਯੂਨੀਵਰਸਿਟੀ ਵੱਲੋਂ ਦੋ ਨਵੇਂ ਰਿਜਨਲ ਕੈਂਪਸ -ਇਕ ਸਠਿਆਲਾ ਵਿਖੇ ਅਤੇ ਇਕ ਸੁਲਤਾਨਪੁਰ ਲੋਧੀ ਵਿਖੇ ਸਥਾਪਿਤ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਯੂਨੀਵਰਸਿਟੀ ਦੇ ਚਾਰ

ਰਿਜਨਲ ਕੈਂਪਸ ਹੋ ਜਾਣਗੇ। ਸਰਕਾਰ ਵੱਲੋਂ ਇਸ ਯੂਨੀਵਰਸਿਟੀ ਨੂੰ ਚਾਰ ਕਾਲਜ-ਵੇਰਕਾ, ਜਿਲ੍ਹਾ ਅੰਮ੍ਰਿਤਸਰ; ਚੁੰਘ, ਜਿਲ੍ਹਾ ਤਰਨ ਤਾਰਨ; ਨਰੋਟ ਜੈਮਲ ਸਿੰਘ, ਜਿਲ੍ਹਾ ਗੁਰਦਾਸਪੁਰ ਅਤੇ ਮਿੱਠੜਾ, ਜਿਲ੍ਹਾ ਕਪੂਰਥਲਾ ਅਲਾਟ ਕੀਤੇ ਗਏ ਹਨ।ਇਨ੍ਹਾਂ ਕਾਲਜਾਂ ਵਿਚੋਂ ਮਿੱਠੜਾ ਕਾਲਜ ਵਿਖੇ ਸਾਲ 2010 ਤੋਂ ਕਲਾਸਾਂ ਸ਼ੁਰੂ ਹੋ ਚੁੱਕੀਆਂ ਹਨ, ਜਦੋਂਕਿ ਬਾਕੀ ਦੇ ਤਿੰਨ ਕਾਲਜਾਂ ਵਿਚ ਸੈਸ਼ਨ 2011-12 ਤੋਂ ਕਲਾਸਾਂ ਸ਼ੁਰੂ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਲਜਾਂ ਦੀ ਪਰਫਾਰਮੈਂਸ ਬਾਕੀ ਕਾਲਜਾਂ ਨਾਲੋਂ ਵਧੀਆ ਹੋਣੀ ਚਾਹੀਦੀ ਹੈ, ਕਿਉਂਕਿ ਇਹ ਕਾਲਜ ਵੀ ਯੂਨੀਵਰਸਿਟੀ ਦੇ ਪ੍ਰਬੰਧ ਅਧੀਨ ਚਲਾਏ ਜਾਣੇ ਹਨ। ਇਨ੍ਹਾਂ ਵਿਚੋਂ ਤਿੰਨ ਕਾਲਜਾਂ ਲਈ ਸਰਕਾਰ ਵੱਲੋਂ ਗ੍ਰਾਂਟ ਅਜੇ ਜਾਰੀ ਕੀਤੀ ਜਾਣੀ ਹੈ, ਜਦਕਿ ਮਿੱਠੜਾ ਕਾਲਜ ਲਈ ਕੁਝ ਗ੍ਰਾਂਟ ਜਾਰੀ ਹੋ ਚੁੱਕੀ ਹੈ।

ਸਠਿਆਲਾ ਕੈਂਪਸ ਲਈ ਜੋ 9 ਕਰੋੜ ਰੁਪਏ ਦੀ ਗ੍ਰਾਂਟ ਮਨਜੂਰ ਕੀਤੀ ਗਈ ਹੈ, ਉਸ ਵਿਚੋਂ 4 ਕਰੋੜ 50 ਲੱਖ ਰੁਪਏ ਦੀ ਰਕਮ ਯੂਨੀਵਰਸਿਟੀ ਨੂੰ ਵਸੂਲ ਹੋ ਚੁੱਕੀ ਹੈ।

<u>ਬ੍ਰਿਗੇਡੀਅਰ ਕੇ.ਐਸ. ਕਾਹਲੋਂ</u>

ਉਨ੍ਹਾਂ ਨੇ ਵਾਈਸ-ਚਾਂਸਲਰ ਸਾਹਿਬ ਨੂੰ ਕਨਵੋਕੇਸ਼ਨ 'ਤੇ ਉਚ ਕੋਟੀ ਦੇ ਸਾਇੰਸਦਾਨਾਂ ਨੂੰ ਯੂਨੀਵਰਸਿਟੀ ਵਿਖੇ ਸੱਦਣ ਲਈ ਮੁਬਾਰਕਬਾਦ ਦਿੱਤੀ । ਉਨ੍ਹਾਂ ਕਿਹਾ ਕਿ ਇਹ ਇਕ ਅਗਾਂਹਵਧੂ ਬਜਟ ਹੈ। ਮੈਂ ਬਜਟ ਦੀ ਪ੍ਰੋੜਤਾ ਕਰਦਾ ਹਾਂ ਅਤੇ ਵਾਈਸ-ਚਾਂਸਲਰ ਸਾਹਿਬ ਇਸ ਲਈ ਪ੍ਰਸ਼ੰਸਾ ਦੇ ਯੋਗ ਹਨ।

<u>ਵਾਈਸ-ਚਾਂਸਲਰ ਸਾਹਿਬ</u>

ਉਨ੍ਹਾਂ ਕਿਹਾ ਕਿ ਅਸੀਂ ਬਜਟ ਦੀ ਘਾਟ ਨੂੰ ਪੂਰਾ ਕਰਨ ਦਾ ਯਤਨ ਕਰ ਰਹੇ ਹਾਂ। ਨਵੇਂ ਕੋਰਸਾਂ ਦੀ ਸ਼ੁਰੂਆਤ ਕਰਕੇ ਬੱਚਿਆਂ ਨੂੰ ਹੋਰ ਅਗਾਂਹਵਧੂ ਮੌਕੇ ਮਿਲਣਗੇ। ਅਧਿਆਪਕਾਂ ਨੂੰ ਵਾਧੂ ਸਮਾਂ ਲਗਾ ਕੇ ਖੋਜ ਕਰਨ ਲਈ ਵੀ ਪ੍ਰੇਰਿਤ ਕੀਤਾ ਜਾ ਰਿਹਾ ਹੈ।

<u>ਬ੍ਰਿਗੇਡੀਅਰ ਕੇ.ਐਸ. ਕਾਹਲੋਂ</u>

ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਦੀ ਸਥਾਪਨਾ ਵੇਲੇ ਇਹ ਨਿਰਣਾ ਲਿਆ ਗਿਆ ਸੀ ਕਿ ਗੁਰੂ ਨਾਨਕ ਦੇਵ ਜੀ ਬਾਰੇ ਖੋਜ ਕੀਤੀ ਜਾਵੇਗੀ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਰੈਫਰੈਂਸ ਲਾਇਬ੍ਰੇਰੀ ਅਤੇ ਮਲਟੀ-ਮੀਡੀਆ ਸੈਂਟਰ ਲਈ ਪੰਜਾਬੀ ਭਵਨ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਪੰਜਾਬੀ ਸੱਭਿਆਚਾਰ ਸੁਰੱਖਿਅਤ ਰਹੇ ਅਤੇ ਵਿਕਾਸ ਕਰ ਸਕੇ।

<u>ਵਾਈਸ-ਚਾਂਸਲਰ ਸਾਹਿਬ</u>

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀ ਆਮਦਨ ਵਧਾਉਣ ਲਈ ਕੋਰਸਾਂ ਦੀਆਂ ਸੀਟਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀ ਵਿਚ ਕੰਪਿਊਟਰ ਸਾਇੰਸ ਅਤੇ ਇਲੈਕਟ੍ਰਾਨਿਕਸ ਵਿਸ਼ੇ ਵਿਚ 100% ਨਿਯੁਕਤੀ ਹੋਈ ਹੈ।ਵੱਖ-ਵੱਖ ਕੋਰਸਾਂ ਜਿਵੇਂ ਇਲੈਕਟ੍ਰਾਨਿਕਸ, ਕੰਪਿਊਟਰ ਸਾਇੰਸ, ਐਮ.ਸੀ.ਏ. ਆਦਿ ਦੀਆਂ ਸੀਟਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ।ਅਗਲੇ ਅਕਾਦਮਿਕ ਸੈਸ਼ਨ ਤੋਂ ਐਮ.ਬੀ.ਏ. ਪੰਜ ਸਾਲਾਂ ਕੋਰਸ 100 ਸੀਟਾਂ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ।ਪਿਛਲੇ ਸਾਲ 120-120

ਵਿਦਿਆਰਥੀਆਂ ਦੇ ਕਲਾਸ ਰੂਮ ਬਣਾਏ ਗਏ ਸਨ। ਐਲ.ਸੀ.ਡੀ. ਪ੍ਰੋਜੈਕਟਰ, ਸਾਊਂਡ ਸਿਸਟਮ ਵੀ ਚਾਲੂ ਕੀਤਾ ਗਿਆ ਹੈ। ਜੇਕਰ ਕਲਾਸ ਰੂਮਾਂ ਵਿਚ ਵੱਡਾ ਵਾਧਾ ਹੋ ਜਾਵੇਗਾ ਤਾਂ 10 ਸਾਲਾਂ ਤਕ ਹੋਰ ਕੋਈ ਵਾਧਾ ਕਰਨ ਦੀ ਜ਼ਰੂਰਤ ਨਹੀਂ ਰਹੇਗੀ । ਮੈਂ ਇਸ ਯੂਨੀਵਰਸਿਟੀ ਨਾਲ ਸਾਲ 1976 ਤੋਂ ਜੁੜਿਆ ਹੋਇਆ ਹਾਂ। ਪਿਛਲੇ ਸਾਲ 400 ਕੰਪਿਊਟਰ ਖਰੀਦੇ ਗਏ ਸਨ। ਇਸ ਸਾਲ 500 ਕੰਪਿਊਟਰਾਂ ਦੀ ਖਰੀਦ ਕੀਤੀ ਜਾ ਰਹੀ ਹੈ। ਫਿਜ਼ਿਕਸ, ਕਮਿਸਟਰੀ, ਜੁਆਲੋਜੀ ਵਿਭਾਗਾਂ ਲਈ ਕੁਝ ਯੰਤਰ ਖਰੀਦੇ ਗਏ ਹਨ, ਜਿਨ੍ਹਾਂ ਤੇ 9 ਕਰੋੜ ਰੁਪਏ ਦਾ ਖਰਚਾ ਹੋਇਆ ਹੈ। ਯੂਨੀਵਰਸਿਟੀ ਦਾ ਬਜਟ ਘਾਟੇ ਵਿਚ ਜਾ ਰਿਹਾ ਹੈ, ਜਿਸ ਕਾਰਨ ਪੋਸਟਾਂ ਉਤੇ 10% ਕੱਟ ਹਟਾਉਣਾ ਸੰਭਵ ਨਹੀਂ ਹੈ। ਯੂ.ਜੀ.ਸੀ. ਵੱਲੋਂ 10 ਯੂਨੀਵਰਸਿਟੀਆਂ ਸ਼ਾਰਟ ਲਿਸਟ ਹੋਈਆਂ ਸਨ, ਜਿਨ੍ਹਾਂ ਵਿਚੋਂ ਸਾਡੀ ਯੂਨੀਵਰਸਿਟੀ 50 ਕਰੋੜ ਰੁਪਏ (ਅਗਲੇ ਤਿੰਨ ਸਾਲਾਂ) ਦੀ ਸਹਾਇਤਾ ਲਈ ਯੋਗ ਹੈ।ਫਿਰ ਇਨਫਰਾਸਟਰਕਚਰ ਅੰਤਰਰਾਸ਼ਟਰੀ ਪੱਧਰ ਦਾ ਹੋਵੇਗਾ। 9 ਕਰੋੜ ਰੁਪਏ ਸਾਇੰਸ ਅਤੇ ਲਾਈਫ਼ ਸਾਇੰਸਜ਼ ਵਿਭਾਗਾਂ ਦੇ ਯੰਤਰ ਖਰੀਦਣ ਵਾਸਤੇ ਹੋਵੇਗਾ। ਸਾਨੂੰ ਮਨੁੱਖੀ ਸਾਧਨਾਂ ਦੀ ਵੀ ਜ਼ਰੂਰਤ ਹੈ। ਅਸੀਂ ਚੰਗੇ ਤੋਂ ਚੰਗੇ ਅਧਿਆਪਕ ਭਰਤੀ ਕਰੀਏ। ਯੂਨੀਵਰਸਿਟੀ ਵਿਖੇ ਕਰੈਡਿਟ ਸਿਸਟਮ ਸ਼ੁਰੂ ਕਰ ਦਿੱਤਾ ਗਿਆ ਹੈ। ਅਸੀਂ ਸਾਰੀ ਪ੍ਰਣਾਲੀ (System) ਪਾਰਦਰਸ਼ੀ ਕਰ ਰਹੇ ਹਾਂ। ਮੈਂ ਵਿਦਿਆਰਥੀਆਂ ਨਾਲ ਗੱਲ ਬਾਤ ਕੀਤੀ ਹੈ। ਕਾਨੂੰਨ ਵਿਭਾਗ ਦੇ ਵਿਦਿਆਰਥੀਆਂ ਨੇ ਵੀ ਕਰੈਡਿਟ ਸਿਸਟਮ ਲਾਗੂ ਕਰਨ ਲਈ ਕਿਹਾ ਹੈ।ਇਹ ਪ੍ਰਣਾਲੀ ਸ਼ੁਰੂ ਹੋਣ ਨਾਲ ਵਿਦਿਆਰਥੀ ਬਹੁਤ ਖੁਸ਼ ਹਨ।ਕਈ ਵਿਭਾਗਾਂ ਵੱਲੋਂ ਸੈਮੀਨਾਰ/ਕਾਨਫ੍ਰੰਸਾਂ ਲਈ ਵੀ ਗ੍ਰਾਂਟ ਮਨਜ਼ੂਰ ਕੀਤੀ ਗਈ ਹੈ। ਭਾਵੇਂ ਸਾਡਾ ਬਜਟ ਘਾਟੇ ਵਿਚ ਹੈ, ਪਰ ਫਿਰ ਵੀ ਅਸੀਂ ਇਨ੍ਹਾਂ ਵਿਭਾਗਾਂ ਲਈ ਫੁਟਕਲ ਖਰਚੇ (Contingency) ਲਈ ਰਾਸ਼ੀ ਵਿਚ ਵਾਧਾ ਕੀਤਾ ਹੈ।ਰਾਸ਼ਟਰੀ ਜਾਂ ਅੰਤਰਰਾਸ਼ਟਰੀ ਕਾਨਫ੍ਰੰਸ 'ਤੇ ਜਾਣ ਵਾਲੇ ਅਧਿਆਪਕਾਂ ਨੂੰ ਪੈਸਾ ਦਿੱਤਾ ਗਿਆ ਹੈ। ਖੋਜ ਦੇ ਕੰਮ ਲਈ ਅਸੀਂ ਖਰਚ ਕਰਨ ਲਈ ਤਿਆਰ ਹਾਂ। ਜੇਕਰ ਕਿਸੇ ਵਿਭਾਗ ਵਿਚ ਯੰਤਰਾਂ ਦੀ ਘਾਟ ਹੈ ਤਾਂ ਅਸੀਂ ਉਨ੍ਹਾਂ ਯੰਤਰਾਂ ਦੀ ਖਰੀਦ ਕਰਾਂਗੇ।ਜੇਕਰ 50 ਕਰੋੜ ਰੁਪਏ ਮਿਲ ਜਾਣ ਤਾਂ ਇਸ ਨਾਲ ਸਾਰੀਆ ਲੋੜਾਂ ਪੂਰੀਆਂ ਹੋ ਜਾਣਗੀਆਂ।ਸਾਡੀ ਇਹ ਕੋਸ਼ਿਸ਼ ਹੁੰਦੀ ਹੈ ਕਿ ਯੂਨੀਵਰਸਿਟੀ 'ਤੇ ਬਿਲਕੁਲ ਭਾਰ ਨਾ ਪਾਇਆ ਜਾਵੇ। ਕਾਨਫ੍ਰੰਸਾਂ ਵਿਚ ਯੂਨੀਵਰਸਿਟੀ ਦਾ ਪੈਸਾ ਖਰਚ ਨਹੀਂ ਹੋਇਆ।ਸੰਯਮ ਨਾਲ ਪੈਸਾ ਵਰਤਿਆ ਜਾ ਰਿਹਾ ਹੈ ਤਾਂ ਕਿ ਯੂਨੀਵਰਸਿਟੀ 'ਤੇ ਵਿਤੀ ਬੋਝ ਨਾ ਪਵੇ।

ਪ੍ਰੋਫੈਸਰ ਮਨਜੀਤ ਸਿੰਘ, ਜਲੰਧਰ

ਉਨ੍ਹਾਂ ਨੇ ਵਾਈਸ-ਚਾਂਸਲਰ ਸਾਹਿਬ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਨੂੰ ਪੀ.ਟੀ.ਯੂ. ਦੀ ਪੁਰਾਣੀ ਇਮਾਰਤ, ਲਾਡੋਵਾਲੀ ਰੋਡ, ਜਲੰਧਰ ਵਿਖੇ ਤਬਦੀਲ ਕਰਨ ਵਾਸਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਸਦਕਾ ਇਹ ਕਾਲਜ ਨਵੀਂ ਇਮਾਰਤ ਵਿਚ ਤਬਦੀਲ ਹੋ ਗਿਆ ਹੈ।ਉਨ੍ਹਾਂ ਵਾਈਸ-ਚਾਂਸਲਰ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੱਤੀ ਕਿ ਉਨ੍ਹਾਂ ਨੇ ਉਚ ਸ਼ਖਸ਼ੀਅਤਾਂ ਨੂੰ ਯੂਨੀਵਰਸਿਟੀ ਵਿਖੇ ਬੁਲਾਇਆ। ਇਨ੍ਹਾਂ ਉਚ ਸ਼ਖਸ਼ੀਅਤਾਂ ਨੂੰ ਯੂਨੀਵਰਸਿਟੀ ਵਿਚ ਬੁਲਾਉਣ ਨਾਲ ਯੂਨੀਵਰਸਿਟੀ ਦਾ ਮਾਣ ਵਧਦਾ ਹੈ।

ਡਾ. (ਮਿਸਿਜ਼) ਊਸ਼ਾ ਕਪੂਰ

ਉਨ੍ਹਾਂ ਕਿਹਾ ਕਿ ਵਾਈਸ-ਚਾਂਸਲਰ ਸਾਹਿਬ ਨੇ ਕਰੋੜ ਰੁਪਏ ਲਗਾ ਕੇ ਸਾਨੂੰ ਇਮਾਰਤ ਦੇ ਦਿੱਤੀ ਹੈ, ਜਿਸ ਨਾਲ ਅਸੀਂ ਹੋਰ ਤਰੱਕੀ ਕਰਾਂਗੇ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ-ਮੰਤਰੀ ਜੀ ਵੱਲੋਂ ਯੂਨੀਵਰਸਿਟੀ ਕਾਲਜ, ਜਲੰਧਰ ਵਾਸਤੇ ਨਵੀਂ ਇਮਾਰਤ ਅਲਾਟ ਕੀਤੀ ਗਈ ਹੈ।ਯੂਨੀਵਰਸਿਟੀ ਕਾਲਜ, ਜਲੰਧਰ ਨੂੰ ਇਸ ਇਮਾਰਤ ਵਿਚ ਤਬਦੀਲ ਕਰਵਾਇਆ ਗਿਆ ਹੈ।

ਸ਼੍ਰੀਮਤੀ ਕਰਮਜੀਤ ਚੌਧਰੀ

ਉਨ੍ਹਾਂ ਕਿਹਾ ਹੈ ਕਿ ਇਹ ਇਕ ਬਹੁਤ ਵਧੀਆ ਕਦਮ ਹੈ। ਪੰਜਾਬ ਟੈਕਨੀਕਲ ਯੂਨੀਵਰਸਿਟੀ ਨੇ ਕਬਜ਼ਾ ਛੱਡ ਦਿੱਤਾ ਹੈ ਅਤੇ ਇਸ ਯੂਨੀਵਰਸਿਟੀ ਨੂੰ ਇਮਾਰਤ ਮਿਲ ਗਈ ਹੈ।

ਸ੍ਰੀ ਕੇ.ਐਸ. ਰੇਖੀ, ਐਡਵੋਕੇਟ

ਉਨ੍ਹਾਂ ਕਿਹਾ ਕਿ ਬਜਟ ਬਹੁਤ ਵਧੀਆ ਹੈ। 63 ਕਰੋੜ ਰੁਪਏ ਦਾ ਘਾਟਾ ਹੈ। ਫੀਸਾਂ ਵਧਾਉਣ ਨਾਲ ਆਮ ਵਿਦਿਆਰਥੀ ਯੂਨੀਵਰਸਿਟੀ ਵਿਚ ਦਾਖਲਾ ਨਹੀਂ ਲੈ ਸਕਦਾ। ਰਾਜ ਸਰਕਾਰ ਤੋਂ ਮਿਲ ਰਹੀ 16% ਗ੍ਰਾਂਟ, 50% ਤੱਕ ਹੋਣੀ ਚਾਹੀਦੀ ਹੈ। ਬੱਚਿਆਂ ਨੂੰ ਸਕਾਲਰਸ਼ਿਪ ਦੇਣ ਲਈ 2 ਕਰੋੜ ਰੁਪਏ ਦੀ ਰਾਸ਼ੀ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਸਾਡੀ ਯੂਨੀਵਰਸਿਟੀ ਵਿਚ ਦਾਖਲਾ ਲੈਣ ਵਾਲੇ ਗਰੀਬ ਬੱਚਿਆ ਦੀਆਂ 10% ਟਿਊਸ਼ਨ ਫੀਸਾਂ ਮੁਆਫ ਕੀਤੀਆਂ ਜਾਂਦੀਆ ਹਨ। ਐਸ.ਸੀ./ਐਸ.ਟੀ. ਦੀ ਟਿਊਸ਼ਨ ਫੀਸ ਮੁਆਫ ਕੀਤੀ ਜਾਂਦੀ ਹੈ। 4 ਕਰੋੜ ਰੁਪਏ ਗਰੀਬ ਵਿਦਿਆਰਥੀਆਂ ਦੀ ਸਹਾਇਤਾ ਲਈ ਖਰਚ ਕੀਤੇ ਜਾਂਦੇ ਹਨ।ਸਾਡੇ ਕੋਲ ਬਹੁਤ ਸਾਰੇ ਵਿਦਿਆਰਥੀ ਹਨ, ਜਿਨ੍ਹਾਂ ਨੂੰ 10 ਤੋਂ 20% ਤੱਕ ਰਿਆਇਤ ਦਿੱਤੀ ਜਾਂਦੀ ਹੈ।ਜਿਥੋਂ ਵੀ ਪੈਸਾ ਬਚ ਸਕਦਾ ਹੈ, ਉਹ ਅਸੀਂ ਬਚਾਉਣ ਦੀ ਕੋਸ਼ਿਸ ਕਰ ਰਹੇ ਹਾਂ।

ਰਜਿਸਟਰਾਰ ਸਾਹਿਬ

ਉਨ੍ਹਾਂ ਕਿਹਾ ਕਿ ਮਿਤੀ 1.1.2004 ਤੋਂ ਭਰਤੀ ਹੋਣ ਵਾਲੇ ਕਰਮਚਾਰੀਆਂ ਲਈ ਪੈਨਸ਼ਨ ਸਕੀਮ ਬੰਦ ਕਰ ਦਿੱਤੀ ਗਈ ਸੀ। ਇਸ ਯੂਨੀਵਰਸਿਟੀ ਵਿਖੇ 1000 ਰੈਗੂਲਰ ਪੈਨਸ਼ਨਰ ਹਨ। ਸੋਧੇ ਤਨਖਾਹ ਸਕੇਲਾਂ ਨਾਲ ਉਨ੍ਹਾਂ ਨੂੰ ਪੈਨਸ਼ਨ ਦਿੱਤੀ ਜਾ ਰਹੀ ਹੈ।ਪੈਨਸ਼ਨ ਫੰਡ ਵਿਚ 5 ਕਰੋੜ ਰੁਪਏ ਦੀ ਆਮਦਨ ਆ ਰਹੀ ਹੈ ਅਤੇ ਲੱਗਭਗ 21 ਕਰੋੜ ਰੁਪਏ ਪੈਨਸ਼ਨ ਦੀ ਅਦਾਇਗੀ ਕੀਤੀ ਜਾ ਰਹੀ ਹੈ। ਇਸ ਤਰ੍ਹਾਂ 16 ਕਰੋੜ ਰੁਪਏ ਪੈਨਸ਼ਨ ਦੀ ਅਦਾਇਗੀ ਸਬੰਧੀ ਘਾਟਾ ਹੈ। ਅਗਲੇ ਸਾਲ ਬਕਾਏ ਦੀ ਅਦਾਇਗੀ ਕੀਤੀ ਜਾਣੀ ਹੈ ਅਤੇ ਇਹ ਰਾਸ਼ੀ ਵਧ ਕੇ 26 ਕਰੋੜ ਰੁਪਏ ਹੋ ਜਾਵੇਗੀ।

ਸ੍ਰੀ ਆਰ.ਕੇ. ਪਰਾਸ਼ਰ

ਉਨ੍ਹਾਂ ਸੁਝਾਅ ਦਿੱਤਾ ਕਿ ਬੱਚਿਆਂ ਜਾਂ ਉਨ੍ਹਾਂ ਦੇ ਮਾਪਿਆਂ 'ਤੇ ਘੱਟ ਤੋਂ ਘੱਟ ਵਿਤੀ ਬੋਝ ਪਾਉਣਾ

ਚਾਹੀਦਾ ਹੈ ਤਾਂ ਕਿ ਗਰੀਬ ਵਿਦਿਆਰਥੀ ਅਤੇ ਸਕਾਲਰ ਆਪਣੀ ਪੜ੍ਹਾਈ ਜਾਰੀ ਰੱਖ ਸਕਣ।ਬੱਚਤਾਂ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ।ਹੋਰ ਸਾਧਨਾਂ ਨਾਲ ਆਮਦਨ ਵਧਾਈ ਜਾ ਸਕਦੀ ਹੈ। ਚੰਗੇ ਸਕਾਲਰ ਭਰਤੀ ਕਰਕੇ ਵੱਧ ਤੋਂ ਵੱਧ ਖੋਜ ਕਰਵਾਈ ਜਾਣੀ ਚਾਹੀਦੀ ਹੈ।

ਸ਼੍ਰੀ ਖੇਮ ਸਿੰਘ ਗਿੱਲ

ਉਨ੍ਹਾਂ ਕਿਹਾ ਕਿ ਬੱਜਟ ਬਹੁਤ ਵਧੀਆ ਪੇਸ਼ ਕੀਤਾ ਗਿਆ ਹੈ।ਖਰਚਾ ਘਟਾਉਣਾ ਬੜੀ ਚੰਗੀ ਗੱਲ ਹੈ। ਸਾਰੀਆਂ ਯੂਨੀਵਰਸਿਟੀਆਂ ਪੈਸੇ ਦੀ ਘਾਟ ਮਹਿਸੂਸ ਕਰ ਰਹੀਆਂ ਹਨ। ਲੜਕੀਆਂ ਦੀ ਪੜ੍ਹਾਈ ਵਾਸਤੇ ਵਿਸੇਸ਼ ਪ੍ਰੋਗਰਾਮ ਉਲੀਕਿਆ ਜਾਵੇ ਅਤੇ ਉਨ੍ਹਾਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਪ੍ਰੇਰਨਾ ਦਿੱਤੀ ਜਾਣੀ ਚਾਹੀਦੀ ਹੈ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ 60% ਲੜਕੀਆਂ ਅਤੇ 40% ਲੜਕੇ ਵਿਦਿਆ ਪ੍ਰਾਪਤ ਕਰ ਰਹੇ ਹਨ। ਅਸੀਂ ਗਰੀਬ ਬੱਚਿਆ ਦੀ ਮੱਦਦ ਕਰਨਾ ਚਾਹੁੰਦੇ ਹਾਂ। ਯੂਨੀਵਰਸਿਟੀ ਦੀਆਂ ਤਨਖਾਹਾਂ ਦਾ ਖਰਚਾ ਬਹੁਤ ਵਧ ਗਿਆ ਹੈ। ਫੀਸਾਂ ਵਧਾਉਣਾ ਚੰਗਾ ਤਾਂ ਨਹੀਂ ਲੱਗਦਾ, ਪਰ ਜਿਹੜੇ ਬੱਚੇ ਫੀਸਾਂ ਦੀ ਅਦਾਇਗੀ ਕਰ ਸਕਦੇ ਹਨ, ਉਨ੍ਹਾਂ ਉਤੇ ਹੀ ਵਿਤੀ ਬੋਝ ਪਾਇਆ ਜਾਣਾ ਚਾਹੀਦਾ ਹੈ।ਅਸੀਂ ਬਹੁਤ ਸਾਰੇ ਖੋਜ ਪ੍ਰੋਜੈਕਟ ਲਿਆ ਰਹੇ ਹਾਂ।ਸਾਡੀ ਕੋਸ਼ਿਸ਼ ਹੈ ਕਿ ਸਰਕਾਰ ਕੋਲੋਂ ਵੱਧ ਤੋਂ ਵੱਧ ਗ੍ਰਾਂਟ ਪ੍ਰਾਪਤ ਕੀਤੀ ਜਾਵੇ। ਖੋਜ ਵਾਸਤੇ ਯੰਤਰ ਖਰੀਦੇ ਜਾ ਰਹੇ ਹਨ, ਪਾਣੀ ਦੀ ਪੂਰਤੀ ਹੋਵੇਗੀ ਅਤੇ 24 ਘੰਟੇ ਲੈਬੋਰਟਰੀਆ ਖੁਲ੍ਹਣਗੀਆਂ। ਸਾਡਾ ਪੱਧਰ ਹੋਰ ਉੱਚਾ ਹੋਵੇਗਾ। ਸਾਡੇ ਬੱਚਿਆਂ ਨੂੰ ਫਾਇਦਾ ਹੋਵੇਗਾ। ਕਿਸੇ ਵੀ ਵਿਭਾਗ ਦੇ ਬੱਜਟ ਵਿਚ ਵਾਧਾ ਕਰਨਾ ਜਰੂਰੀ ਹੋਇਆ ਤਾਂ ਅਸੀਂ ਉਸ ਵਿਚ ਵਾਧਾ ਕਰਾਂਗੇ।

ਰਜਿੰਦਰ ਮੋਹਨ ਸਿੰਘ ਛੀਨਾ

ਉਨ੍ਹਾਂ ਵਾਈਸ-ਚਾਂਸਲਰ ਸਾਹਿਬ ਨੂੰ ਵਧੀਆ ਬੱਜਟ ਪੇਸ਼ ਕਰਨ 'ਤੇ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦਾ ਪੱਧਰ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ। ਯੂਨੀਵਰਸਿਟੀ ਦਾ ਬਜਟ ਇਸ ਤਰ੍ਹਾਂ ਹੋਣਾ ਚਾਹੀਦਾ ਕਿ ਆਉਣ ਵਾਲੇ ਸਮੇਂ ਵਿਚ ਕੋਈ ਮੁਸ਼ਕਿਲ ਪੇਸ਼ ਨਾ ਆਵੇ ਅਤੇ ਯੂਨੀਵਰਸਿਟੀ ਦਾ ਪੱਧਰ ਉੱਚਾ ਰਹਿ ਸਕੇ।

ਡਾ. ਵਿਨੇ ਮਹਿਰਾ

ਉਨ੍ਹਾਂ ਕਿਹਾ ਕਿ ਬਜਟ ਬਹੁਤ ਵਧੀਆ ਪੇਸ਼ ਕੀਤਾ ਗਿਆ ਹੈ। ਲੜਕੀਆਂ ਵਾਸਤੇ ਹੋਸਟਲ ਵਿਚ ਕਮਰਿਆ ਦੀ ਘਾਟ ਹੈ, ਪ੍ਰੰਤੂ ਲੜਕੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਸ ਲਈ ਲੜਕੀਆਂ ਦੀ ਰਿਹਾਇਸ਼ ਸਬੰਧੀ ਬਹੁਤ ਮੁਸ਼ਕਲਾਂ ਆ ਰਹੀਆਂ ਹਨ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਲੜਕੀਆਂ ਦੀਆਂ ਰਿਹਾਇਸ਼ ਸਬੰਧੀ ਮੁਸ਼ਕਲਾਂ ਨੂੰ ਹੱਲ ਕਰਨ ਵਸਤੇ ਉਨ੍ਹਾਂ ਲਈ 'Y ' ਟਾਈਪ ਹਾਊਸ ਵਿਖੇ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੂੰ 1000 ਕਮਰੇ ਬਨਾਉਣ ਲਈ ਗ੍ਰਾਂਟ ਦੇਣ ਦੀ ਬੇਨਤੀ ਕੀਤੀ ਗਈ ਹੈ।

ਡਾ. ਏ.ਐਸ. ਸਿੱਧੂ

ਉਨ੍ਹਾਂ ਕਿਹਾ ਕਿ ਵਿਤੀ ਘਾਟੇ ਦੀ ਪੂਰਤੀ ਹਿਤ ਕੇਵਲ ਫੀਸਾਂ ਵਿਚ ਹੀ ਵਾਧਾ ਨਾ ਕੀਤਾ ਜਾਵੇ, ਸਗੋਂ ਇਕ ਮਤਾ ਪਾਸ ਕਰਕੇ ਪੰਜਾਬ ਸਰਕਾਰ ਨੂੰ ਵਧੇਰੇ ਗ੍ਰਾਂਟ ਦੇਣ ਲਈ ਸੁਝਾਅ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਧਿਆਪਕਾਂ ਨੂੰ ਸੋਧੇ ਤਨਖਾਹ ਸਕੇਲਾਂ ਦੇ ਬਕਾਏ ਦੀ ਅਦਾਇਗੀ ਕੀਤੀ ਜਾਣੀ ਚਾਹੀਦੀ ਹੈ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਇਸ ਸਬੰਧੀ ਸਰਕਾਰ ਨਾਲ ਗੱਲ ਹੋਈ ਸੀ। ਸਾਨੂੰ ਆਸ ਹੈ ਕਿ ਸਰਕਾਰ ਵੱਲੋਂ ਬਕਾਇਆ ਦੀ ਅਦਾਇਗੀ ਕਰਨ ਲਈ ਗ੍ਰਾਂਟ ਮਿਲ ਜਾਵੇਗੀ।

ਸ. ਹਰਚਰਨ ਸਿੰਘ

ਉਨ੍ਹਾਂ ਕਿਹਾ ਕਿ ਵਾਈਸ-ਚਾਂਸਲਰ ਸਾਹਿਬ ਦੀ ਅਗਵਾਈ ਸਦਕਾ ਆਉਣ ਵਾਲੇ ਸਮੇਂ ਵਿਚ ਯੂਨੀਵਰਸਿਟੀ ਹੋਰ ਪ੍ਰਾਪਤੀਆਂ ਕਰੇਗੀ। ਯੂਨੀਵਰਸਿਟੀ ਵਿਖੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ-ਜਾਤੀਆਂ ਵਾਸਤੇ ਆਲ-ਇੰਡੀਆ ਪ੍ਰੀ-ਐਗਜ਼ਾਮੀਨੇਸ਼ਨ ਟ੍ਰੇਨਿੰਗ ਸੈਂਟਰ ਹੈ, ਪ੍ਰੰਤੂ ਜਨਰਲ ਕੈਟਾਗਰੀ ਵਾਸਤੇ ਕੋਈ ਟ੍ਰੇਨਿੰਗ ਸੈਂਟਰ ਨਹੀਂ ਹੈ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਆਲ ਇੰਡੀਆ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਸਾਰੇ ਵਰਗਾਂ ਲਈ ਹੈ।ਸਾਡੀ ਯੂਨੀਵਰਸਿਟੀ ਦੇ ਸਕੂਲ ਆਫ ਸੋਸ਼ਲ ਸਾਇੰਸਜ਼ ਦੇ ਤਿੰਨ ਵਿਦਿਆਰਥੀ ਆਈ.ਏ.ਐਸ. ਪਾਸ ਕਰ ਚੁੱਕੇ ਹਨ। ਪੀ.ਸੀ.ਐਸ. ਲਈ 25 ਵਿਦਿਅਰਥੀ ਚੁਣੇ ਗਏ ਹਨ। ਟਾਟਾ ਕੰਨਸਲਟੈਂਸੀ ਕੰਪਨੀ ਵਿਚ 100% ਵਿਦਿਆਰਥੀਆਂ ਦੀ ਨਿਯੁਕਤੀ (Placement) ਹੋਈ ਹੈ।

ਡਾ. ਐਸ.ਕੇ. ਮੋਡਗਿੱਲ

ਉਨ੍ਹਾਂ ਕਿਹਾ ਕਿ ਫੀਸਾਂ ਵਿਚ ਵਾਧਾ ਨਹੀਂ ਕੀਤਾ ਜਾਣਾ ਚਾਹੀਦਾ। ਕਿੱਤਾ ਮੁਖੀ (Professional) ਕੋਰਸਾਂ ਦੀਆਂ ਸੀਟਾਂ ਵਿਚ ਵਾਧਾ ਕਰਨਾ ਇਕ ਵਧੀਆ ਕਦਮ ਹੈ।

**ਪਾਸ ਹੋਇਆ** ਕਿ ਮਾਲੀ ਸਾਲ 2011-12 ਦੇ ਬੱਜਟ ਅਨੁਮਾਨ ਆਦਿ (**ਅੰਤਿਕਾ** ਅਨੁਸਾਰ) ਪਰਵਾਨ ਕੀਤੇ ਜਾਂਦੇ ਹਨ।

**ਵੱਖ-ਵੱਖ ਕੋਰਸਾਂ ਦੇ ਨਾਂ ਦੀ ਤਬਦੀਲੀ, ਸਬੰਧਤਾ ਪ੍ਰਾਪਤ ਕਾਲਜ ਨੂੰ ਨਵੇਂ ਵਿਸ਼ੇ/ਕਲਾਸਾਂ/ਕੋਰਸਾਂ ਦੀ ਆਰਜ਼ੀ ਸਬੰਧਤਾ ਅਤੇ ਕੋਰਸਾਂ ਨੂੰ Discontinue/ inabeyance ਰੱਖਣ ਦੀ ਪਰਵਾਨਗੀ।**

4. ਸਿੰਡੀਕੇਟ ਦੀਆਂ ਹੇਠ ਲਿਖੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਹੋਈ:-

(ੳ) ਕਿ ਸੈਸ਼ਨ 2008-09 ਤੋਂ ਬੀ.ਟੈਕ. (ਇਲੈਕਟ੍ਰੋਨਿਕਸ ਕਮਿਊਨੀਕੇਸ਼ਨ ਸਿਸਟਮਜ਼) ਦਾ ਨਾਂ ਬਦਲ ਕੇ ਬੀ.ਟੈਕ. (ਇਲੈਕਟ੍ਰੋਨਿਕਸ ਕਮਿਊਨੀਕੇਸ਼ਨ ਸਿਸਟਮਜ਼ ਇੰਜੀਨੀਅਰਿੰਗ) ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 14, ਮਿਤੀ 3.11.2010)

(ਅ) ਕਿ ਮਾਝਾ ਕਾਲਜ ਫਾਰ ਵੂਮੈਨ, ਤਰਨ-ਤਾਰਨ ਜਿਸ ਨੂੰ ਸੈਸ਼ਨ 2010-11 ਤੋਂ ਕੋ-ਐਜੂਕੇਸ਼ਨ ਕਰਨ ਦੀ ਪਰਵਾਨਗੀ ਦਿੱਤੀ ਗਈ ਸੀ, ਦਾ ਕੋ-ਐਜੂਕੇਸ਼ਨ ਵਜੋਂ ਰੁਤਬਾ ਰੱਦ ਕਰਦਿਆਂ ਸੈਸ਼ਨ 2011-12 ਤੋਂ ਪਹਿਲਾਂ ਵਾਲਾ ਰੁਤਬਾ ਭਾਵ ਮਾਝਾ ਕਾਲਜ ਫਾਰ ਵੂਮੈਨ ਬਰਕਰਾਰ ਰੱਖਣ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 29 ਮਿਤੀ 3.11.2010)

(ੲ) ਕਿ ਸੈਸ਼ਨ 2011-12 ਤੋਂ B.Sc. Microbiology (Vocational) ਦਾ ਨਾਮ Microbiology (Elective Subject) ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸ) (i) ਕਿ ਸੈਸ਼ਨ 2010-11 ਤੋਂ ਨਵੇਂ ਕਾਲਜਾਂ ਨੂੰ (ਕੋਰਸਾਂ ਸਮੇਤ) ਆਰਜ਼ੀ ਸਬੰਧਤਾ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਵੇ।

(ii) ਕਿ ਸੈਸ਼ਨ 2010-11 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਨੂੰ ਨਵੇਂ ਵਿਸ਼ੇ/ਕਲਾਸਾਂ/ਕੋਰਸਾਂ ਦੀ ਆਰਜ਼ੀ ਸਬੰਧਤਾ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਵੇ।

(ਹ) ਕਿ ਯੂਨੀਵਰਸਿਟੀ ਕੈਂਪਸ ਅਤੇ ਕਾਲਜਾਂ ਵਿਚ ਚੱਲ ਰਹੇ ਹੇਠ ਲਿਖੇ ਕੋਰਸਾਂ ਨੂੰ Discontinue/ Inabeyance ਰੱਖਣ ਦੀ ਪਰਵਾਨਗੀ ਦਿੱਤੀ ਜਾਵੇ:-

1. M.Sc. (Hons. School) (Physics) (Semester System) w.e.f the session 2010-11.
2. M.Sc. (Hons. School) (Botany) (Semester System) w.e.f. the session 2010-11.
3. M.Sc. (Hons. School) (Human Genetics) (Semester System) w.e.f. the session 2010-11.
4. M.Sc. (Statistics) (Semester System) w.e.f. the session 2010-11.
5. Masters Degree in Cardiothericic Physiotherapy (Semester System) w.e.f the session 2011-12.
6. P.G. Diploma in Hospital Management w.e.f. the session 2011-12.
7. M.Phil. (Economics) (Semester System) w.e.f. the session 2010-11.
8. P.G. Diploma in Export Management w.e.f. the session 2011-12.
9. M.Phil. (Molecular Biology & Biochemistry) w.e.f. the session 2011-12.
10. M.Sc. (Bioinformatics) w.e.f. the session 2010-11.

(ਸਿੰਡੀਕੇਟ ਪੈਰਾ 51 (2), (6) ਅਤੇ (7) ਮਿਤੀ 3.11.2010)

**ਪਾਸ ਹੋਇਆ** ਕਿ ਸਿੰਡੀਕੇਟ ਦੀਆਂ ਉਕਤ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

**ਵਾਈਸ-ਚਾਂਸਲਰ ਸਾਹਿਬ ਦਾ ਬਿਆਨ।**

5. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ :-

1. ਯੂਨੀਵਰਸਿਟੀ ਨੇ ਖੇਡਾਂ ਦੀ ਸਰਵ-ਉੱਚ ਮੌਲਾਨਾ ਅਬੁਲ ਕਲਾਮ ਅਜ਼ਾਦ ਟਰਾਫ਼ੀ 21ਵੀਂ ਜਿੱਤ ਕੇ ਇਕ ਵਾਰ ਫਿਰ ਖੇਡਾਂ ਦੇ ਖੇਤਰ ਵਿਚ ਭਾਰਤ ਦੀ ਸਿਰਮੌਰ ਯੂਨੀਵਰਸਿਟੀ ਬਣਨ ਦਾ ਮਾਣ ਪ੍ਰਾਪਤ ਕੀਤਾ ਹੈ।

2. ਭਾਰਤ ਸਰਕਾਰ ਦੇ ਮਾਨਵੀ ਸਰੋਤ ਵਿਕਾਸ ਮੰਤਰਾਲੇ ਅਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 47 ਕਰੋੜ 5 ਲੱਖ ਰੁਪਏ ਦੀ ਲਾਗਤ ਨਾਲ Centre on Studies in Sri Guru Granth Sahib ਸਥਾਪਿਤ ਕਰਨ ਦੀ ਪਰਵਾਨਗੀ ਦਿੱਤੀ ਗਈ ਹੈ।

3. ਯੂਨੀਵਰਸਿਟੀ ਦੀ 37ਵੀਂ ਸਲਾਨਾ ਕਨਵੋਕੇਸ਼ਨ 1 ਮਾਰਚ, 2011 ਨੂੰ ਆਯੋਜਿਤ ਕੀਤੀ ਗਈ। ਨੋਬਲ ਪੁਰਸਕਾਰ ਪ੍ਰਾਪਤ, ਪ੍ਰੋਫੈਸਰ ਰਿਚਰਡ ਰੋਬਰਟ ਅਰਨਸਟ, ਸਵਿਸ ਫੈਡਰਲ ਇੰਸਟੀਚਿਊਟ ਆਫ ਟੈਕਨਾਲੋਜੀ, ਜ਼ੂਰਿਚ, ਸਵਿਟਜ਼ਰਲੈਂਡ ਨੇ ਕਨਵੋਕੇਸ਼ਨ ਭਾਸ਼ਨ ਪੜ੍ਹਿਆ। ਇਸ ਅਵਸਰ ਉੱਤੇ ਪ੍ਰੋਫੈਸਰ ਰਿਚਰਡ ਰੋਬਰਟ ਅਰਨਸਟ; ਅਤੇ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ, ਅਮਰੀਕਾ ਦੇ ਪ੍ਰਸਿੱਧ ਵਿਗਿਆਨੀ, ਪ੍ਰੋਫੈਸਰ ਅਲੈਗਜੈਂਡਰ ਪਾਈਨਜ਼ ਨੂੰ ਡਾਕਟਰ ਆਫ ਸਾਇੰਸ ਦੀ Honoris Causa ਡਿਗਰੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰੋਫੈਸਰ ਦਲੀਪ ਕੌਰ ਟਿਵਾਣਾ ਨੂੰ ਡਾਕਟਰ ਆਫ ਲਿਟਰੇਚਰ ਦੀ Honoris Causa ਡਿਗਰੀ ਨਾਲ ਸਨਮਾਨਿਤ ਕੀਤਾ ਗਿਆ।

4. ਇਸ ਯੂਨੀਵਰਸਿਟੀ ਨੇ ਓਵਰਆਲ ਨਾਰਥ ਜੋਨ ਇੰਟਰ-ਯੂਨੀਵਰਸਿਟੀ ਯੂਥ ਫੈਸਟੀਵਲ ਚੈਪੀਅਨਸ਼ਿਪ ਨੌਂਵੀ ਵਾਰ ਜਿੱਤੀ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਅਤੇ ਭਾਰਤ ਸਰਕਾਰ ਦੇ ਯੁਵਕ ਮਾਮਲੇ ਅਤੇ ਖੇਡ ਵਿਭਾਗ ਵੱਲੋਂ ਆਯੋਜਿਤ 26ਵੇਂ ਨਾਰਥ ਜ਼ੋਨ ਇੰਟਰ-ਯੂਨੀਵਰਸਿਟੀ ਯੂਥ ਫੈਸਟੀਵਲ ਵਿਚ ਮਿਊਜ਼ਕ ਅਤੇ ਲਿਟਰੇਰੀ ਟਰਾਫ਼ੀਆਂ ਵੀ ਪ੍ਰਾਪਤ ਕੀਤੀਆਂ ਹਨ।

5. ਯੂਨੀਵਰਸਿਟੀ ਨੇ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀ ਵੱਲੋਂ ਸ੍ਰੀ ਵੈਂਕਟੇਸ਼ਵਰਾ ਯੂਨੀਵਰਸਿਟੀ, ਤ੍ਰਿਪੁਤੀ ਵਿਖੇ 18 ਤੋਂ 22 ਜਨਵਰੀ ਨੂੰ ਕਰਵਾਏ ਗਏ ਇੰਟਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਵਿਚ ਓਵਰਆਲ ਰਨਰ-ਅਪ ਟਰਾਫ਼ੀ ਪ੍ਰਾਪਤ ਕੀਤੀ ਹੈ ਅਤੇ ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਲਿਟਰੇਰੀ ਟਰਾਫ਼ੀ ਵੀ ਪ੍ਰਾਪਤ ਕੀਤੀ ਹੈ। South Asian Universities Youth Festival ਜੋ ਕਿ Brac University, Dhaka(Bangladesh) ਵਿਖੇ ਹੋਇਆ, ਵਿਚ ਯੂਨੀਵਰਸਿਟੀ ਦੇ ਵਿਦਿਆਰਥੀ ਕਰਮਵੀਰ ਸਿੰਘ ਨੇ ਪੋਸਟਰ ਮੇਕਿੰਗ ਵਿਚ ਅੰਤਰ-ਰਾਸ਼ਟਰੀ ਪੱਧਰ 'ਤੇ ਹਿੱਸਾ ਲਿਆ ।

6. ਯੂਨੀਵਰਸਿਟੀ ਵੱਲੋਂ ਇੰਸਟੀਚਿਊਟ ਆਫ ਹਿਮਾਲੀਅਨ ਬਾਇਓਰੀਸੋਰਸ ਟੈਕਨਾਲੋਜੀ, ਪਾਲਮਪੁਰ ਦੇ ਸਹਿਯੋਗ ਨਾਲ 1-4 ਮਾਰਚ, 2011 ਨੂੰ National Magnetic Resonance Society ਦੀ 17ਵੀਂ ਕਾਨਫਰੰਸ NMRS 2011 ਆਯੋਜਿਤ ਕੀਤੀ ਗਈ। ਇਸ ਕਾਨਫਰੰਸ ਦਾ ਉਦਘਾਟਨੀ ਭਾਸ਼ਨ ਪ੍ਰੋਫੈਸਰ ਅਲੈਗਜ਼ੈਂਡਰ ਪਾਈਨਜ਼ ਵੱਲੋਂ ਪੜ੍ਹਿਆ ਗਿਆ, ਜਿਸ ਦਾ ਵਿਸ਼ਾ- Toward Miniaturization of NMR and MRI ਸੀ।

7. ਯੂਨੀਵਰਸਿਟੀ ਵੱਲੋਂ 28 ਫਰਵਰੀ ਨੂੰ Enabling a Beneficial Future for Our Descendents, What Can We Do, and What Shall We Not Do? ਵਿਸ਼ੇ 'ਤੇ ਸਵਿਟਜ਼ਰਲੈਂਡ ਤੋਂ ਨੋਬਲ ਪੁਰਸਕਾਰ ਪ੍ਰਾਪਤ, ਪ੍ਰੋਫੈਸਰ ਰਿਚਰਡ ਰੋਬਰਟ ਅਰਨਸਟ ਦਾ ਪਬਲਿਕ ਲੈਕਚਰ ਆਯੋਜਿਤ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੇ 1 ਮਾਰਚ, 2011 ਨੂੰ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ Passion and Responsibility: My Life Story and My Goals ਵਿਸ਼ੇ ਤੇ ਲੈਕਚਰ ਦਿੱਤਾ।ਇਸੇ ਤਰ੍ਹਾਂ ਪ੍ਰੋਫੈਸਰ ਅਲੈਗਜ਼ੈਂਡਰ ਪਾਈਨਜ਼ ਵੱਲੋਂ 2 ਮਾਰਚ, 2011 ਨੂੰ Looking Beyond the Light ਵਿਸ਼ੇ ਤੇ ਸਪੈਸ਼ਲ ਲੈਕਚਰ ਅਤੇ 3 ਮਾਰਚ, 2011 ਨੂੰ Is ignorance Bliss? ਵਿਸ਼ੇ ਤੇ ਪਬਲਿਕ ਲੈਕਚਰ ਦਿੱਤਾ ਗਿਆ।

8. ਯੂਨੀਵਰਸਿਟੀ ਦੇ ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ 3 ਨਵੰਬਰ ਨੂੰ ਭਾਰਤ ਵਿਚ ਖੇਤਵਾੜੀ ਉਤਪਾਦਨ ਵਿਚ ਸਥਿਰਤਾ ਅਤੇ ਅਨਾਜ਼ ਸੁਰੱਖਿਆ ਵਿਸ਼ੇ 'ਤੇ ਸਰਦਾਰ ਬਿਸ਼ਨ ਸਿੰਘ ਸਮੁੰਦਰੀ ਮੈਮੋਰੀਅਲ ਲੈਕਚਰ ਕਰਵਾਇਆ ਗਿਆ। ਇਹ ਲੈਕਚਰ ਉਘੇ ਆਰਥਿਕ ਮਾਹਿਰ ਅਤੇ ਪਦਮਭੂਸ਼ਨ ਅਵਾਰਡੀ ਪ੍ਰੋ. ਐਸ.ਐਸ. ਜੌਹਲ ਵੱਲੋਂ ਦਿੱਤਾ ਗਿਆ।

9. ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਗਿਆਰਵੀਂ ਯੋਜਨਾ ਅਧੀਨ ਜਨਰਲ ਡਿਵੈਲਪਮੈਂਟ ਅਸਿਸਟੈਂਸ ਵਜੋਂ ਪ੍ਰਾਪਤ ਪੰਜ ਲੱਖ ਰੁਪਏ ਦੀ ਗ੍ਰਾਂਟ ਨਾਲ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵਿਖੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਵਿਸਥਾਰ ਲਈ ਰਿਸੋਰਸ ਸੈਂਟਰ ਫ਼ਾਰ ਕੰਪੈਰੇਟਿਵ ਲਿਟਰੇਚਰ ਸਥਾਪਿਤ ਕੀਤਾ ਗਿਆ ਹੈ।

10. ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਰਕਾਰੀ ਕਾਲਜ, ਸਠਿਆਲਾ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ ਚਾਲੂ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

11. ਯੂਨੀਵਰਸਿਟੀ ਦੇ ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਅਗਸਤ 2010 ਤੋਂ ਬਾਅਦ ਹੁਣ ਤੱਕ ਬੈਚ 2011 ਦੇ 612 ਵਿਦਿਆਰਥੀਆਂ ਨੂੰ ਵੱਖ-ਵੱਖ ਨੈਸ਼ਨਲ ਅਤੇ ਮਲਟੀਨੈਸ਼ਨਲ ਕੰਪਨੀਆਂ ਦੁਆਰਾ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਹੈ।

12. ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਲੱਧੇਵਾਲੀ, ਜਲੰਧਰ ਦੇ ਇਕ ਅਧਿਆਪਕ ਅਤੇ 9 ਵਿਦਿਆਰਥੀ ਪੰਜਾਬ ਵਿਚ ਜੱਜ ਵਜੋਂ ਸੇਵਾ ਕਰਨ ਲਈ ਚੁਣੇ ਗਏ ਹਨ।

13. ਯੂਨੀਵਰਸਿਟੀ ਦੇ ਸਕੂਲ ਆਫ਼ ਸੋਸ਼ਲ ਸਾਇੰਸਜ਼ ਦੇ ਤਿੰਨ ਵਿਦਿਆਰਥੀਆਂ ਨੇ ਆਈ.ਏ.ਐਸ. ਦੀ ਮੇਨ ਪ੍ਰੀਖਿਆ ਪਾਸ ਕੀਤੀ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਜ਼ ਪ੍ਰੀ-ਐਗਜਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ਼ ਪ੍ਰੈਪਰੇਸ਼ਨ ਫ਼ਾਰ ਕੰਪੀਟੀਟਿਵ ਐਗਜ਼ਾਮੀਨੇਸ਼ਨ ਵਿਖੇ ਕੋਚਿੰਗ ਲੈਣ ਵਾਲੇ ਵਿਦਿਆਰਥੀਆਂ ਵਿਚੋਂ 25 ਨੇ ਪੀ.ਸੀ.ਐਸ.(ਐਗਜੈਕਟਿਵ) ਦੀ ਮੁਢਲੀ ਪ੍ਰੀਖਿਆ ਪਾਸ ਕੀਤੀ ਹੈ।

14. ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ Institute for Understanding Sikhism, Canada ਦੇ ਸਹਿਯੋਗ ਨਾਲ ਫਰਵਰੀ 23-25, 2011 ਨੂੰ Uniqueness of Guru Nanak's Philosophy ਵਿਸ਼ੇ ਤੇ ਅੰਤਰ-ਰਾਸ਼ਟਰੀ ਕਾਨਫ੍ਰੰਸ ਆਯੋਜਿਤ ਕੀਤੀ ਗਈ। ਇਸ ਤੋਂ ਇਲਾਵਾ ਇਸ ਵਿਭਾਗ ਵੱਲੋਂ 22-23 ਨਵੰਬਰ, 2010 ਨੂੰ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਨੂੰ ਸਮਰਪਿਤ Contribution of Guru Nanak's Bani to Global Spiritualism ਵਿਸ਼ੇ ਤੇ ਦੋ ਦਿਨਾਂ 25ਵਾਂ ਸਲਾਨਾ ਸੈਮੀਨਾਰ ਅਯੋਜਿਤ ਕੀਤਾ ਗਿਆ ਅਤੇ 10-11 ਮਾਰਚ, 2011 ਨੂੰ ਵਿਸ਼ਵ ਧਰਮਾਂ ਵਿਚ ਇਸਤਰੀਆਂ ਦਾ ਰੁਤਬਾ ਅਤੇ ਭੂਮਿਕਾ ਵਿਸ਼ੇ ਤੇ ਰਾਸ਼ਟਰੀ ਸੈਮੀਨਾਰ ਆਯਜਿਤ ਕੀਤਾ ਗਿਆ।

15. ਯੂਨੀਵਰਸਿਟੀ ਦੀ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਵੱਲੋਂ 18 ਨਵੰਬਰ, 2010 ਨੂੰ ਨਾਮਧਾਰੀ ਗੁਰੂ ਰਾਮ ਸਿੰਘ ਦੀ ਜੀਵਨੀ ਸਬੰਧੀ ਇਕ-ਦਿਨਾ ਸਿੰਪੋਜ਼ੀਅਮ ਕਰਵਾਇਆ ਗਿਆ।

16. ਯੂਨੀਵਰਸਿਟੀ ਦੀ ਗੁਰੂ ਰਵਿਦਾਸ ਚੇਅਰ ਵੱਲੋਂ 10 ਦਸੰਬਰ ਨੂੰ ਗੁਰੂ ਰਵਿਦਾਸ-ਬਾਣੀ ਦੇ ਮੂਲ ਮੁੱਦੇ ਵਿਸ਼ੇ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ।

17. ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵੱਲੋਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਸਹਿਯੋਗ ਨਾਲ Special Assistance Programme ਅਧੀਨ ਪੰਜਾਬੀ ਭਾਸ਼ਾ ਦਾ ਅਧਿਐਨ ਅਤੇ ਅਧਿਆਪਨ: ਵਿਰਸਾ ਤੇ ਵਰਤਮਾਨ ਵਿਸ਼ੇ ਤੇ 10-11 ਫਰਵਰੀ, 2011 ਨੂੰ ਦੋ-ਦਿਨਾ ਕੌਮੀ ਸੈਮੀਨਾਰ ਆਯੋਜਿਤ ਕੀਤਾ ਗਿਆ।

18. ਯੂਨੀਵਰਸਿਟੀ ਦੇ ਪੋਲੀਟੀਕਲ ਸਾਇੰਸ ਵਿਭਾਗ ਵੱਲੋਂ ਮਿਤੀ 7 ਫਰਵਰੀ, 2011 ਨੂੰ Trends in the Indian Politics ਵਿਸ਼ੇ 'ਤੇ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਦੇ ਪ੍ਰੋਫੈਸਰ ਏ.ਐਸ. ਨਾਰੰਗ ਦਾ ਭਾਸ਼ਣ ਆਯੋਜਿਤ ਕੀਤਾ ਗਿਆ।

19. ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫਿਜ਼ਿਕਸ ਵਿਭਾਗ ਨੂੰ ਨੈਨੋ ਟੈਕਨਾਲੋਜੀ ਦੇ ਖੇਤਰ ਵਿਚ ਖੋਜ ਅਤੇ ਪ੍ਰਫੁੱਲਤਾ ਵਾਸਤੇ 32 ਲੱਖ ਰੁਪਏ ਦਾ ਇਕ ਵੱਡਾ ਖੋਜ ਪ੍ਰਾਜੈਕਟ ਮਨਜ਼ੂਰ ਕੀਤਾ ਗਿਆ ਹੈ। ਇਸ ਪ੍ਰਾਜੈਕਟ ਦੇ ਇੰਚਾਰਜ ਫਿਜ਼ਿਕਸ ਵਿਭਾਗ ਦੇ ਪ੍ਰੋਫੈਸਰ ਸੁਰਿੰਦਰ ਸਿੰਘ ਡੀਨ, ਵਿਦਿਅਕ ਮਾਮਲੇ ਹੋਣਗੇ।

20. ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੋਜੀ ਮੰਤਰਾਲੇ ਦੇ ਬਾਇਓ-ਟੈਕਨਾਲੋਜੀ ਵਿਭਾਗ ਵੱਲੋਂ ਇਸ ਯੂਨੀਵਰਸਿਟੀ ਦੇ ਹਿਊਮਨ ਜੈਨੇਟਿਕਸ ਵਿਭਾਗ ਦੀ ਰੀਡਰ ਡਾ. ਵਨੀਤਾ ਕੁਮਾਰ ਨੂੰ Joint Indo-German Agreement on Biotechnology Scheme ਅਧੀਨ 107.40 ਲੱਖ ਰੁਪਏ ਦਾ Major Research Project ਦਿੱਤਾ ਗਿਆ ਹੈ। ਇਸ ਪ੍ਰੋਜੈਕਟ ਅਧੀਨ ਉਹ ਜਮਾਂਦਰੂ ਪੁਤਲੀ ਰੋਗਾਂ ਦੇ ਤੰਤ੍ਰਿਕਾ ਜੀਵ ਵਿਗਿਆਨਕ ਜੀਨਜ਼ ਅਤੇ ਮੌਲੀਕਿਊਲਰ ਵਿਕਾਰਾਂ ਬਾਰੇ ਤਿੰਨ ਸਾਲ ਦੇ ਸਮੇਂ ਤੱਕ ਖੋਜ ਕਰਨਗੇ।

21. ਭਾਰਤ ਸਰਕਾਰ ਦੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ Insights into Secondary Metabolite Production and their Accumulation in Withania Somnifera using in Vitro Propagation System ਵਿਸ਼ੇ 'ਤੇ DBT-India ਅਤੇ National Institute of Advanced Industrial Science and Technology, Japan ਦੇ ਸਾਂਝੇ ਖੋਜ ਪ੍ਰਾਜੈਕਟ ਵਾਸਤੇ ਯੂਨੀਵਰਸਿਟੀ ਨੂੰ 60, 25, 600/- ਰੁਪਏ ਦੀ ਗਰਾਂਟ ਪ੍ਰਾਪਤ ਹੋਈ ਹੈ।

22. ਯੂਨੀਵਰਸਿਟੀ ਦੇ ਕਮਰਸ ਅਤੇ ਬਿਜ਼ਨੈਸ ਮੈਨੇਜ਼ਮੈਂਟ ਵਿਭਾਗ ਦੇ ਰੀਡਰ ਡਾ. ਬੀ.ਐਸ. ਮਾਨ ਨੂੰ Understanding the Influence of Culture on Brand Buying Behaviour - An Empirical Investigation ਖੋਜ ਪ੍ਰੋਜੈਕਟ ਤੇ ਕੰਮ ਕਰਨ ਲਈ 6.00 ਲੱਖ ਰੁਪਏ ਅਤੇ ਗੁਰਦਾਸਪੁਰ ਵਿਖੇ ਯੂਨੀਵਰਸਿਟੀ ਦੇ ਰਿਜ਼ਨਲ ਕੈਂਪਸ ਦੇ ਸੀਨੀਅਰ ਅਸਿਸਟੈਂਟ ਪ੍ਰੋਫੈਸਰ, ਡਾ. ਰਿਸ਼ੀ ਰਾਜ ਸ਼ਰਮਾ ਨੂੰ Knowledge Management ਵਿਸ਼ੇ ਤੇ ਕੰਮ ਕਰਨ ਲਈ 3.57 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ।

23. ਯੂਨੀਵਰਸਿਟੀ ਦੇ Emerging Life Sciences Block ਦਾ ਨੀਂਹ ਪੱਥਰ ਸਵਿਟਜ਼ਰਲੈਂਡ ਦੇ ਸਵਿਸ ਫੈਡਰਲ ਇੰਸਟੀਚਿਊਟ ਆਫ ਟੈਕਨਾਲੋਜੀ, ਜ਼ੂਰਿਚ ਤੋਂ ਨੋਬਲ ਪੁਰਸਕਾਰ ਪ੍ਰਾਪਤ ਪ੍ਰੋਫੈਸਰ ਰਿਚਰਡ ਰੋਬਰਟ ਅਰਨਸਟ ਨੇ ਅਤੇ ਐਫ.ਆਰ.ਐਸ. ਯੂਨੀਵਰਸਿਟੀ, ਕੈਲੀਫੋਰਨੀਆ, ਅਮਰੀਕਾ ਤੋਂ ਪ੍ਰੋਫੈਸਰ ਅਲੈਗਜ਼ੈਂਡਰ ਪਾਈਨਜ਼ ਨੇ ਯੂਨੀਵਰਸਿਟੀ ਦੇ Extension of Chemistry Block ਦਾ ਨੀਂਹ ਪੱਥਰ ਮਿਤੀ 28 ਫਰਵਰੀ, 2011 ਨੂੰ ਰੱਖਿਆ।

24. ਡਾ. ਸੁਰਿੰਦਰ ਸਿੰਘ, ਪ੍ਰੋਫੈਸਰ , ਫਿਜ਼ਿਕਸ ਵਿਭਾਗ ਅਤੇ ਡੀਨ, ਵਿਦਿਅਕ ਮਾਮਲੇ ਨੂੰ ਇੰਡੀਆ ਇੰਟਰਨੈਸ਼ਨਲ ਫਰੈਂਡਸ਼ਿਪ ਸੁਸਾਇਟੀ ਵੱਲੋਂ ਭਾਰਤ ਜਿਓਤੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ।ਇਸ ਤੋਂ ਇਲਾਵਾ ਪ੍ਰੋਫੈਸਰ ਸੁਰਿੰਦਰ ਸਿੰਘ ਨੇ Natioanl Centre for Research on Earthquake Engineering, Taipei, Taiwan ਵੱਲੋਂ India-Taiwan Exhcange

Programme ਅਧੀਨ ਮਿਤੀ 20 ਦਸੰਬਰ, 2010 ਤੋਂ 5 ਜਨਵਰੀ, 2011 ਤੱਕ ਭੁਚਾਲਾਂ ਸਬੰਧੀ ਆਯੋਜਿਤ ਪ੍ਰੋਗਰਾਮਾਂ ਵਿਚ ਹਿੱਸਾ ਲਿਆ। ਇਹ Exchange Programme ਤਿੰਨ ਸਾਲਾਂ ਲਈ ਹੈ।

25. ਯੂਨੀਵਰਸਿਟੀ ਦੇ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਫੈਕਲਟੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਸੰਧੂ ਨੂੰ International Federation of Sports Medicine (FIMS) ਦੇ ਸਿੱਖਿਆ ਕਮਿਸ਼ਨ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਪ੍ਰੋਫੈਸਰ ਸੰਧੂ ਇਕੋ-ਇਕ ਏਸ਼ੀਆਈ ਹਨ, ਜਿਨ੍ਹਾਂ ਨੂੰ ਇਸ ਕਮਿਸ਼ਨ ਦੇ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

26. ਪੰਜਾਬ ਸਰਕਾਰ ਨੇ ਕਾਨੂੰਨ ਵਿਭਾਗ ਦੇ ਰੀਡਰ ਅਤੇ ਮੁਖੀ, ਡਾ. ਜਸਪਾਲ ਸਿੰਘ ਨੂੰ ਪੰਜਾਬ ਰਾਜ ਲਈ Legal Services Authority ਦਾ ਮੈਂਬਰ ਨਾਮਜ਼ਦ ਕੀਤਾ ਹੈ।

27. ਪੰਜਾਬ ਸਾਹਿਤ ਕਲਾ ਪ੍ਰੀਸ਼ਦ, ਮਲੇਰਕੋਟਲਾ ਵੱਲੋਂ 28 ਨਵੰਬਰ ਨੂੰ ਮਾਤਾ ਸਾਹਿਬ ਕੌਰ ਕਾਲਜ ਫਾਰ ਗਰਲਜ਼, ਅਮਰਗੜ੍ਹ, ਜਿਲ੍ਹਾ ਸੰਗਰੂਰ ਵਿਖੇ ਪ੍ਰੋਫੈਸਰ ਹਰਿਭਜਨ ਸਿੰਘ ਨੂੰ ਡਾ. ਰਵਿੰਦਰ ਸਿੰਘ ਰਵੀ ਯਾਦਗਾਰੀ ਆਲੋਚਨਾ ਪੁਰਸਕਾਰ 2010 ਪ੍ਰਦਾਨ ਕੀਤਾ ਗਿਆ ਹੈ।

28. ਅਪਲਾਈਡ ਕੈਮੀਕਲ ਸਾਇੰਸਜ਼ ਐਂਡ ਟੈਕਨਾਲੋਜੀ ਵਿਭਾਗ ਦੀ ਪ੍ਰੋਫੈਸਰ ਡਾ. ਸਤਿੰਦਰ ਕੌਰ ਨੂੰ International Commission for Uniform Methods of Sugar Analysis ਦਾ ਐਸੋਸੀਏਟ ਰੈਫ਼ਰੀ ਨਿਯੁਕਤ ਕੀਤਾ ਗਿਆ ਹੈ।

29. Chemical Research Society of India, Banglore ਵੱਲੋਂ ਇਸ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਦੇ ਰੀਡਰ, ਡਾ. ਪਲਵਿੰਦਰ ਸਿੰਘ ਨੂੰ CRSI Best Teacher Award ਲਈ ਚੁਣਿਆ ਗਿਆ ਹੈ। ਉਨ੍ਹਾਂ ਨੂੰ ਇਹ ਅਵਾਰਡ CRSI ਦੇ ਭੁਵਨੇਸ਼ਵਰ ਵਿਖੇ ਮਿਤੀ 4-6 ਫਰਵਰੀ, 2011 ਨੂੰ ਹੋਏ ਸਲਾਨਾ ਸਿੰਪੋਜ਼ੀਅਮ ਦੌਰਾਨ ਦਿੱਤਾ ਗਿਆ ।

30. ਭਾਰਤ ਸਰਕਾਰ ਦੇ ਸਾਇੰਸ ਤੇ ਟੈਕਨਾਲੋਜੀ ਵਿਭਾਗ ਵੱਲੋਂ ਇਸ ਯੂਨੀਵਸਿਟੀ ਦੇ ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੇ ਪ੍ਰੋਫੈਸਰ ਨਰਪਿੰਦਰ ਸਿੰਘ ਨੂੰ J.C. Bose Fellowship ਦੇਣ ਲਈ ਚੁਣਿਆ ਗਿਆ ਹੈ।

31. Indian Council for Cultural Relations (ICCR), Government of India, New Delhi ਵੱਲੋਂ ਪੋਲੀਟੀਕਲ ਸਾਇੰਸ ਵਿਭਾਗ ਦੇ ਮੁਖੀ ਪ੍ਰੋਫੈਸਰ ਕੁਲਦੀਪ ਸਿੰਘ ਦੀ Prestigious India Chairs Abroad ਲਈ ਚੋਣ ਕੀਤੀ ਗਈ ਹੈ।

32. 16ਵੀਂ ਏਸ਼ੀਅਨ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ ਜੋ ਕਿ ਕੁਆਲਾਲੰਪੁਰ, ਮਲੇਸ਼ੀਆ ਵਿਖੇ ਹੋਈ, ਵਿਚ ਇਸ ਯੂਨੀਵਰਸਿਟੀ ਦੇ ਫਿਜ਼ੀਕਲ ਐਜੂਕੇਸ਼ਨ ਵਿਭਾਗ (ਟੀਚਿੰਗ) ਦੇ ਮੁਖੀ ਡਾ. ਸੁਖਦੇਵ ਸਿੰਘ ਨੇ 45 ਸਾਲ ਵਰਗ ਦੀ ਤੀਹਰੀ ਛਾਲ ਈਵੈਂਟ ਵਿਚ ਸੋਨ ਤਗਮਾ ਹਾਸਲ ਕੀਤਾ।

33. ਸੈਸ਼ਨ 2009-10 ਦੌਰਾਨ ਨੈਸ਼ਨਲ, ਆਲ ਇੰਡੀਆ ਅੰਤਰ-ਯੂਨੀਵਰਸਿਟੀ ਅਤੇ ਅੰਤਰ-ਕਾਲਜ ਖੇਡ ਮੁਕਾਬਲਿਆਂ ਵਿਚ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਯੂਨੀਵਰਸਿਟੀ ਕੈਂਪਸ ਦੇ ਵੱਖ-ਵੱਖ ਵਿਭਾਗਾਂ ਦੇ 125 ਖਿਡਾਰੀ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ 23 ਫਰਵਰੀ ਨੂੰ ਯੂਨੀਵਰਸਿਟੀ ਵਿਖੇ ਇਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ।

34. ਯੂਨੀਵਰਸਿਟੀ ਦੇ ਕਰਮਚਾਰੀਆਂ ਦੀ ਸਹੂਲਤ ਲਈ ਯੂਨੀਵਰਸਿਟੀ ਦੇ ਹੈਲਥ ਸੈਂਟਰ ਵਿਖੇ ਐਕਸ-ਰੇ ਮਸ਼ੀਨ ਲਗਾਈ ਗਈ ਹੈ।

35. ਵਿਦਿਆਰਥੀਆਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਦੁਆਰਾ ਪ੍ਰਾਪਤ ਕੀਤੇ ਗਏ ਅੰਕਾਂ ਦਾ ਵੇਰਵਾ ਯੂਨੀਵਰਸਿਟੀ ਦੀ ਵੈਬਸਾਈਟ 'ਤੇ ਦਿੱਤਾ ਜਾਣਾ ਸ਼ੁਰੂ ਕੀਤਾ ਗਿਆ ਹੈ। ਇਹ ਸਹੂਲਤਾ ਵਿਦਿਆਰਥੀ ਐਸ.ਐਮ.ਐਸ. ਰਾਹੀਂ ਵੀ ਲੈ ਸਕਦੇ ਹਨ।

36. ਯੂਨੀਵਰਸਿਟੀ ਦੇ ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਯੂਨੀਵਰਸਿਟੀ ਵਿਖੇ ਸਟੇਟ ਬੈਂਕ ਆਫ਼ ਪਟਿਆਲਾ ਦੀ ਸ਼ਾਖਾ ਖੋਲ੍ਹੀ ਗਈ ਹੈ।

37. ਸੈਸ਼ਨ 2011 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਚ ਪੋਸਟ-ਗ੍ਰੇਜੂਏਟ ਕੋਰਸਾਂ ਲਈ ਸਿਮੈਸਟਰ ਸਿਸਟਮ ਲਾਗੂ ਕਰਨ ਦਾ ਨਿਰਣਾ ਲਿਆ ਗਿਆ ਹੈ।

38. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੀ ਲਾਡੋਵਾਲੀ ਰੋਡ ਵਿਖੇ ਪੁਰਾਣੀ ਬਿਲਡਿੰਗ, ਜੋ ਕਿ ਪੰਜਾਬ ਸਰਕਾਰ ਵੱਲੋਂ ਇਸ ਯੂਨੀਵਰਿਸਟੀ ਨੂੰ ਸੌਂਪੀ ਗਈ ਹੈ, ਵਿਖੇ ਸ਼ਿਫਟ ਕਰ ਦਿੱਤਾ ਗਿਆ ਹੈ।

**ਸੈਨੇਟ ਵੱਲੋਂ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।**

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

<u>ਪੱਕੀ ਕੀਤੀ ਗਈ</u>

(ਅ.ਸ. ਬਰਾੜ)
ਵਾਈਸ-ਚਾਂਸਲਰ